# ਤਤਕਰਾ


| ਕ੍ਰਮ ਅੰਕ ਲੇਖ ਦਾ ਨਾਂ | ਪੰਨਾ |
|---|---|
| 1. ਦੋ ਸ਼ਬਦ | 3 |
| 2. ਸ੍ਰੀ ਗੁਰੂ ਗ੍ਰੰਥ ਸਾਹਿਬ ਜੈਸੇ ਧਰਮ ਗ੍ਰੰਥ | 9 |
| 3. ਬੀਬੀ ਸੁਸ਼ੀਲ ਕੌਰ | 13 |
| 4. ਮਰਨ ਬਿਸਤਰੇ ਤੇ ਪਈ ਹੋਈ ਮੇਰੀ ਮਾਂ ਦੀ ਚਿੰਤਾ | 27 |
| 5. ਹਨੂੰਮਾਨ ਜਤੀ ਦੀਆਂ ਮੇਰੇ ਨਾਲ ਗੱਲਾਂ | 30 |
| 6. ਭਰਥਰੀ ਹਰੀ ਦੀ ਮਾਂ ਦੀ ਉਸ ਲਈ ਚਿੰਤਾ | 39 |
| 7. ਅਬਾਦੀ ਦੀ ਭਿਆਨਕ ਸਮੱਸਿਆ | 41 |
| 8. ਭਾਰਤ ਦੇ ਕਾਲਾਂ ਦਾ ਇਤਿਹਾਸ | 43 |
| 9. Effects of Toxaemia | 46 |
| 10. ਜੀਵਨ ਖੇਡ ਸ਼ਤਰੰਜ ਦੀ ਖੇਡ ਨਾਲੋਂ ਕਈ ਗੁਣਾਂ ਵਧੇਰੇ ਗੁੰਝਲਦਾਰ ਹੁੰਦੀ ਹੈ । | 47 |
| 11. ਸਿੱਖ ਗੁਰਦਵਾਰਿਆਂ ਦੀ ਸੇਵਾ | 48 |
| 12. ਇਕ ਸਦਾ ਸਫਲ ਮੰਤਰ | 60 |
| 13. ਵਚਿੱਤਰ ਤਪੱਸਿਆ | 61 |
| 14. ਨੌਜਵਾਨ ਮੁੰਡੇ ਕੁੜੀਆਂ ਦੀ ਸੇਵਾ ਵਿਚ ਮੇਰੀ ਨਿਮਾਣੀ ਬੇਨਤੀ | 64 |
| 15. ਰੱਬ ਦੇ ਚਰਨ ਕਿੱਥੇ ਟਿਕਦੇ ਹਨ ? | 66 |
| 16. ਭਗਤ ਪੂਰਨ ਸਿੰਘ ਦੀ ਸਾਰੀ ਉਮਰ ਦਾ ਕੁਆਰਾਪਨ | 67 |
| 17. ਜਿਣਸੀ ਪਵਿੱਤਰਤਾ ਹੀ ਇਕੋ ਇਕ ਪੁੰਨ ਹੈ | 73 |
| 18. ਕੁਆਰੀਆਂ ਕੁੜੀਆਂ ਦੀਆਂ ਬਿਨ ਆਈਆਂ ਮੌਤਾਂ | 76 |
| 19. ਭਿਆਨਕ ਗੁਪਤ ਰੋਗ ਸੁਜ਼ਾਕ ਅਤੇ ਆਤਸ਼ਿਕ | 79 |
| 20. ਜ਼ਹਿਰ ਪ੍ਰਵੇਸ਼ਤਾ | 85 |
| 21. ਡਾਕਟਰੀ ਵਿਦਿਆ ਦੀ ਉੱਨਤੀ ਦਾ ਆਬਾਦੀ ਦੇ ਵਾਧੇ 'ਤੇ ਪ੍ਰਭਾਵ | 86 |
| 22. ਗਰਭਪਾਤ | 89 |
| 23. ਰੱਬ ਦਾ ਸੱਦਾ | 93 |
| 24. ਭਾਵ ਤੇ ਜਜ਼ਬੇ | 97 |
| 25. ਮਨ ਦਾ ਦਮਨ | 99 |
| 26. ਪ੍ਰਾਰਥਨਾ ਸ਼ਕਤੀ ਹੈ | 103 |
| 27. ਆਤਮਾ ਦੀ ਸਭ ਤੋਂ ਗਹਿਰੀ ਲੋੜ | 106 |
| 28. ਬੀਬੀ ਸੁਸ਼ੀਲ ਕੌਰ (ਕਵਿਤਾ) | 119 |
| 29. ਪਿੰਗਲਵਾੜਾ ਸੰਸਥਾ ਵਲੋਂ ਕੀਤੇ ਜਾ ਰਹੇ ਕਾਰਜ | 121 |



ਲੇਖਕ : ਭਗਤ ਪੂਰਨ ਸਿੰਘ

ਅਕਤੂਬਰ 2016 ਨੂੰ ਛਪੀ 10,000

ਕੁੱਲ ਛਪੀ 1,20, 000


## ਮੁਫ਼ਤ ਭੇਟਾ


**ਪ੍ਰਕਾਸਕ: ਡਾ: ਇੰਦਰਜੀਤ ਕੌਰ**

**ਪ੍ਰਧਾਨ**

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:)

ਅੰਮ੍ਰਿਤਸਰ ।

ਛਾਪਕ:

ਪੂਰਨ ਪ੍ਰਿੰਟਿੰਗ ਪ੍ਰੈਸ

ਪਿੰਗਲਵਾੜਾ (ਮਾਨਾਂਵਾਲਾ ਕੰਪਲੈਕਸ) ਜੀ.ਟੀ.ਰੋਡ, ਅੰਮ੍ਰਿਤਸਰ ।

ਫ਼ੋਨ: 0183-2584586, 2584713 ਫ਼ੈਕਸ: 0183-2584586

M: 097814-01140

E-mail pingalwara57@gmail.com

website: www. pingalwara.org

# ਆਸ਼ੀਰਵਾਦ

ਸ੍ਰੀ ਅਮਰ ਨਾਥ ਪਿੰਗਲਵਾੜੇ ਵਿੱਚ ਲੰਮੇ ਸਮੇਂ ਤੋਂ ਸੇਵਾਦਾਰ ਦੇ ਤੌਰ 'ਤੇ ਸੇਵਾ ਨਿਭਾਉਂਦੇ ਆ ਰਹੇ ਹਨ । ਉਹ ਨਾ ਹੀ ਜ਼ਿਆਦਾ ਪੜ੍ਹੇ ਲਿਖੇ ਹਨ ਅਤੇ ਨਾ ਹੀ ਕਵੀ ਹਨ, ਪਰ ਉਹਨਾਂ ਨੂੰ ਉਰਦੂ ਪੜ੍ਹਣ ਲਿਖਣ ਵਿੱਚ ਕਾਫ਼ੀ ਮੁਹਾਰਤ ਹਾਸਿਲ ਹੈ । ਭਗਤ ਪੂਰਨ ਸਿੰਘ ਜੀ ਦੀ ਪ੍ਰਾਣੀ-ਮਾਤਰ ਦੀ ਸੇਵਾ ਤੋਂ ਏਨੇ ਪ੍ਰਭਾਵਿਤ ਹੋਏ ਕਿ ਅੱਖਰਾਂ ਨੇ ਕਵਿਤਾ ਦਾ ਰੂਪ ਲੈ ਲਿਆ, ਜੋ ਕਿ ਕਿਤਾਬਚੇ ਦੇ ਰੂਪ ਵਿੱਚ ਸੰਗਤਾਂ ਦੇ ਰੂ-ਬ-ਰੂ ਹੈ । -ਪ੍ਰਕਾਸ਼ਕ

## ੴ ਸਤਿਗੁਰ ਪ੍ਰਸਾਦਿ ॥

ਪਹਿਲੇ ਪਰਵਰਦਿਗਾਰ ਭਗਵਾਨ ਦੀ ਓਟ ਲੈ ਕੇ,
ਕਵਿਤਾ ਲਿਖਣ ਦਾ ਮਨ ਬਣਾਇਆ ਏ ।
ਨਾਕਸ ਫ਼ੈਮੂ ਤੇ ਰੱਬ ਨੇ ਮਿਹਰ ਕੀਤੀ,
ਰਤਾ ਲਿਖਣ ਦਾ ਵੱਲ ਚਾ ਪਾਇਆ ਏ ।
ਸੁਭਾਏਮਾਨ ਧਰਤੀ ਰਾਜੇਵਾਲ ਵਾਲੀ,
ਜਨਮ ਪੂਰਨ ਪਿਆਰਿਆਂ ਪਾਇਆ ਏ ।
ਭਲੇ ਲੋਕ ਵਸਨੀਕ ਗਰਾਂ ਸੋਹਣਾ,
ਮੰਦਰ ਸ਼ਿਵ ਜੀ ਗੁਰੂ ਧਾਮ ਸੁਹਾਇਆ ਏ ।
ਸ਼ਾਹੂਕਾਰ ਘਰਾਣੇ ਵਿੱਚ ਜਨਮ ਹੋਇਆ,
ਲਾਡ ਪਿਆਰ ਦੀ ਪਰਵ੍ਰਿਸ਼ ਪਾਇਆ ਏ ।



ਮਾਤਾ ਪਿਤਾ ਨੂੰ ਖ਼ੁਸ਼ੀ ਸੀ ਬਹੁਤ ਹੋਈ,
ਸ਼ੁਕਰ ਰੱਬ ਦਾ ਲੱਖ ਮਨਾਇਆ ਏ ।
ਗੋਦੀ ਮਾਤਾ ਦੀ ਰੱਬ ਨੇ ਲਾਲ ਦਿੱਤਾ,
ਘਰ ਰੌਣਕ ਦੇ ਨਾਲ ਸੁਹਾਇਆ ਏ ।
ਤੱਕ ਵੇਖ ਜਿਊਂਦੀ ਮਾਤਾ ਪੁੱਤ ਤਾਈਂ,
ਸ਼ਗਨ ਭਲੇ ਤੋਂ ਭਲਾ ਮਨਾਇਆ ਏ ।
ਘਰ ਵਿੱਚ ਖਾਣ ਨਾ ਪੀਣ ਦੀ ਭੁੱਖ ਕੋਈ,
ਭਰੀ ਪੇਟੀਆਂ ਰਹਿੰਦੀ ਸੀ ਮਾਇਆ ਏ ।
ਹੋਰ ਜਿਣਸਾਂ ਦੇ ਕੋਠੇ ਸਨ ਭਰੇ ਰਹਿੰਦੇ,
ਵਾਧੂ ਵਸਤਾਂ ਨੇ ਥਾਂ ਮਲਾਇਆ ਏ ।
ਲੈਣ ਦੇਣ ਦੇ ਕਾਰ ਵਿਹਾਰ ਖੁੱਲ੍ਹੇ,
ਗਰਜਵੰਦ ਨੂੰ ਨਹੀਂ ਠੁਕਰਾਇਆ ਏ ।
ਭਰੀਆਂ ਮੱਟੀਆਂ ਕੰਧ ਨਾਲ ਰਹਿਣ ਪਈਆਂ,
ਸ਼ੱਕਰ, ਖੰਡ ਤੇ ਘਿਉ ਧਰਾਇਆ ਏ ।
ਖਾਵੇ ਰੁੱਖੀ ਜਾਂ ਚੋਪੜ ਕੇ ਕੋਈ ਸੱਜਣ,
ਬੰਦਸ਼ ਰੋਕ ਨਾ ਕਿਸੇ ਨੂੰ ਲਾਇਆ ਏ ।
ਦੋ ਸੂਤੀ ਰੇਜਿਆਂ ਦੇ ਭਰੇ ਸੰਦੂਕ ਰਹਿੰਦੇ,
ਰੂਈ ਫੁੱਟਾਂ ਦੀ ਕੱਤ ਬੁਣਾਇਆ ਏ ।
ਮੰਜੇ ਬਿਸਤਰੇ ਦਰੀਆਂ ਖੇਸ ਲੀੜੇ,
ਦਿੱਤੇ ਲੋੜ ਥੀਂ ਰੱਬ ਸਵਾਇਆ ਏ ।
ਰੱਥ ਘੋੜੀ ਵੀ ਘਰ ਮਜੂਦ ਰਹਿੰਦੀ,

ਆਵਣ ਜਾਵਣ ਦਾ ਸੁੱਖ ਬਣਾਇਆ ਏ ।
ਕਾਮੇ ਨੌਕਰ ਵੀ ਸਨ ਘਰ ਕੰਮ ਕਰਦੇ,
ਮਾਲ ਡੰਗਰਾਂ ਦੀ ਸਾਂਭ ’ਤੇ ਲਾਇਆ ਏ ।
ਮੱਝਾਂ ਲਵੇਰੀਆਂ ਖੁਰਲੀ ਸ਼ੋਭਦੀ ਸੀ,
ਸੱਜਰ ਗਾਈਂ ਨੇ ਸੇਹਨ ਡਰਾਇਆ ਏ ।
ਦੁੱਧ, ਦਹੀਂ ਦੇ ਮਟਕੇ ਸਨ ਭਰੇ ਰਹਿੰਦੇ,
ਪਰਭਾਤੀ ਮਾਤਾ ਨੇ ਰਿੜਕਣਾ ਪਾਇਆ ਏ ।
ਮਾਤਾ ਪੁੱਤਰ ਨੂੰ ਜਦੋਂ ਆਵਾਜ਼ ਦੇਂਦੀ,
ਰਾਮ ਜੀ ਦਾਸ ਦੇ ਨਾਮ ਬੁਲਾਇਆ ਏ ।
ਖੀਰੇ ਤਰਾਂ ਤਰਬੂਜ਼ ਘਰ ਆਏ ਰਹਿੰਦੇ,
ਢੇਰੀ ਖ਼ਰਬੂਜ਼ਿਆਂ ਦੀ ਅੱਡਰੀ ਲਾਇਆ ਏ ।
ਰਸਾ ਕਮਾਦ ਦੀ ਸੱਤੂ ਤੇ ਆਉਣ ਢਾਣਾਂ,
ਪੇਸੀ ਗੁੜ੍ਹਾਂ ਦੀ ਡੱਲ ਭਰਾਇਆ ਏ ।
ਮਟਰ, ਗੋਭੀ ਤੇ ਪਾਲਕ ਦਾ ਸਾਗ ਆਵੇ,
ਅਚਾਰ ਮੂਲੀ ਸੁਹਾਂਵਣਾ ਪਾਇਆ ਏ ।
ਮੂਲੀ ਚਕੰਦਰ ਕਰੇਲੇ ਤੇ ਆਉਣ ਸ਼ਲਗਮ,
ਸਾਗ ਸਰੋਂ੍ਹ ਦਾ ਘੋਟਣਾ ਭਾਇਆ ਏ ।
ਸ਼ਕਰਗੰਦੀ, ਛੱਲੀਆਂ, ਹਰੇ ਛੋਲੇ,
ਪੇਂਜੂ ਪੀਲਕ ਵੀ ਵਣਾਂ ਦੀ ਆਇਆ ਏ ।
ਅੰਬ ਅਨਾਰ ਲੀਚੀ ਤੇ ਆਉਣ ਆੜੂ,
ਲਾਲ ਸੇਬ ਵੀ ਕਸ਼ਮੀਰ ਦਾ ਆਇਆ ਏ ।



ਮੱਕੀ ਬਾਜਰਾ ਆਟਾ ਖਰਾਸ ਪੀਠਾ,
ਰੁੱਤੇ ਆਪਣੀ ਸਭ ਨੂੰ ਭਾਇਆ ਏ ।
ਸੌਗਾਤਾਂ ਮੌਸਮੀ ਆਉਂਦੀਆਂ ਘਰ ਸੱਭੇ,
*ਗੋਇਆ ਰਹੀ ਨਾ ਕੋਈ ਬਕਾਇਆ ਏ ।
ਖੁੱਲ੍ਹੀ-ਡੁੱਲ੍ਹੀ ਸਭ ਵਸਤੂ ਸੀ ਪਈ ਰਹਿੰਦੀ,
ਕੰਟਰੋਲ ਜੰਦਰਾ ਨਾ ਸਾਂਭ ਲਗਾਇਆ ਏ ।
ਮਾਤਾ ਗੁਰਬਾਣੀ ਦੇ ਪਾਠ ਦਾ ਜਾਪ ਕਰਦੀ,
ਨਾਨਕ ਗੁਰੂ ਦਾ ਨਾਮ ਧਿਆਇਆ ਏ ।
ਲਛਮਣ ਜਤੀ ਤੇ ਰਾਮ ਦਾ ਨਾਮ ਲੈਂਦੀ,
ਕ੍ਰਿਸ਼ਨ ਕਬੀਰ ਵੀ ਨਾਲ ਧਿਆਇਆ ਏ ।
ਮਾਤਾ ਵੈਸ਼ਨੋ ਤੇ ਹਨੂੰਮਾਨ ਪੂਜੇ,
ਅਦਬ ਸਭ ਦਾ ਦਿਲ ਵਿੱਚੋਂ ਪਾਇਆ ਏ ।
ਸਾਖੀ ਧ੍ਰੂ ਦੀ ਪੜ੍ਹ ਪ੍ਰਮਾਣ ਦੇਂਦੀ,
ਜੀਵਨ ਭਗਤਾਂ ਨੇ ਕਿਵੇਂ ਬਿਤਾਇਆ ਏ ।
ਸਾਧ ਸੰਗਤ ਨਾ ਦਵਾਰ ਤੋਂ ਜਾਏ ਖ਼ਾਲੀ,
ਪ੍ਰਸ਼ਾਦਾ ਪ੍ਰੇਮ ਦੇ ਨਾਲ ਛਕਾਇਆ ਏ ।
ਸਵਾਲੀ ਫ਼ਕੀਰ ਨਾ ਸੱਜਣਾ ਜਾਏ ਹਰਗਿਜ਼,
ਖ਼ਾਲੀ ਕਿਸੇ ਨਾ ਮੋੜ ਪਰਤਾਇਆ ਏ ।
ਪਿਤਾ ਬੈਠਦਾ ਸੀ ਬਹਿਕ ਦਾਨਿਆਂ ਦੀ,
ਅਦਲ **ਗੁਵੇੜ ਤੇ ਨਿਆਉਂ ਮੁਕਾਇਆ ਏ ।

---

* ਗੋਇਆ—**as if,** **ਗੁਵੇੜ—ਕਿਸੇ ਬਾਰੇ ਅੰਦਾਜ਼ਾ ਕਰਨਾ ।

ਇਕ ਅਨ-ਸ਼ਾਦੀਆ ਭਗਤ ਸੀ ਵਿੱਚ ਗਲੀ ਰਹਿੰਦਾ,
ਨਿਯਮ ਰੋਜ਼ ਸੀ ਦੁਪਹਿਰ ਬਣਾਇਆ ਏ ।
ਪ੍ਰਸ਼ਾਦਾ ਛਕਦਾ ਅਣਮਿਰਚੀ ਦਾਲ ਮੂੰਗੀ,
ਮਾਤਾ ਅੱਡਰੀ ਰਿੰਨ ਬਣਾਇਆ ਏ ।
ਘਰੋਂ ਹਰ ਸ਼ੈਅ ਉਹ ਆਪਣੇ ਆਪ ਵਰਤੇ,
ਉਸ ਨੂੰ ਖੁੱਲ੍ਹ ਸੀ ਰੋਕ ਨਾ ਲਾਇਆ ਏ ।
ਪਿੰਡ ਵਿੱਚੋਂ ਸ਼ਿਵ ਜੀ ਦਾ ਮੰਦਰ ਮਸ਼ਹੂਰ ਹੈਸੀ,
ਵੈਰਾਗੀ ਸਾਧੂ ਨੇ ਰਹਿਣ ਬਣਾਇਆ ਏ ।
ਧਰਮਸ਼ਾਲ ਵਿੱਚ ਉਦਾਸੀ ਮਹੰਤ ਰਹਿੰਦਾ,
ਸਾਧੂ ਰਵਿਦਾਸੀਆ ਨਾਲ ਰਲਾਇਆ ਏ ।
ਟੋਲਾ ਤਿੰਨਾਂ ਦਾ ਰਲ ਗਜ਼ਾ ਮੰਗੇ,
ਬੂਹੇ ਸ਼ਾਹ ਦੇ ਸੱਦਾ ਵੀ ਲਾਇਆ ਏ ।
ਦੋਹਾਂ ਹੱਥਾਂ ਦੀ ਉਂਜਲੇ ਨਾਲ ਆਟਾ,
ਮਾਤਾ ਪੁੱਤ ਤੋਂ ਖ਼ੈਰ ਦਿਲਵਾਇਆ ਏ ।
ਮੁਸਲਮਾਨ ਗਾਜ਼ੀ ਵਜੱਈਆ ਸਾਰੰਗੀ ਦਾ,
ਭਿੱਖਿਆ ਮੰਗਦਾ ਸ਼ਾਹ ਦੇ ਆਇਆ ਏ ।
ਖ਼ੈਰ ਦਾਣਿਆਂ ਦਾ ਮਿਲੇ ਤਾਂ ਪ੍ਰਸੰਨ ਹੁੰਦਾ,
ਮਾਤਾ ਪੁੱਤ ਤੋਂ ਖ਼ੈਰ ਪਵਾਇਆ ਏ ।
ਪਿਤਾ ਪੁੱਤਰ ਨੂੰ ਵਿੱਦਿਆ ਪੜ੍ਹਨ ਖ਼ਾਤਰ,
ਜਾ ਕੇ ਵਿੱਚ ਸਕੂਲ ਬਿਠਾਇਆ ਏ ।
ਅਕਲ ਫਹਿਮ ਥੀਂ ਸੋਹਣਾ ਜਾਏ ਤੁਰਿਆ,



ਰੁਚੀ ਸ਼ੌਕ ਨੇ ਉਤਾਂਹ ਉਠਾਇਆ ਏ ।
ਉਤਲੀਆਂ ਕਲਾਸਾਂ ਨੂੰ ਪੂਰਨ ਜਦ ਆਣ ਪਹੁੰਚਾ,
ਭਾਣਾ ਰੱਬ ਨੇ ਕੀ ਵਰਤਾਇਆ ਏ ।
ਸ਼ਾਹੂਕਾਰੇ ਤੇ ਗ਼ਰੀਬੀ ਆਣ ਵੱਗੀ,
ਪਿੱਛੇ ਸੁੱਖ ਦੇ ਦੁੱਖ ਵੀ ਆਇਆ ਏ ।
ਕੌਣ ਝੱਲੇ ਪੜ੍ਹਾਈ ਦੇ ਖ਼ਰਚ ਤਾਈਂ,
ਖ਼ਰਚ ਅਗਾਂਹ ਦਾ ਸਿਰ ’ਤੇ ਆਇਆ ਏ ।
ਕਰਜ਼ਾ ਲੈ ਕੇ ਅਸਾਮੀਆਂ ਬੈਠ ਗਈਆਂ,
ਸਣੇ ਸੂਦ ਦੇ ਮੂਲ ਦਬਾਇਆ ਏ ।
ਇਸੇ ਗੱਲ ਦੀ ਧਨ ਵਿੱਚ ਘਾਟ ਹੋਈ,
ਝੱਖੜ ਗ਼ਰੀਬੀ ਦਾ ਝੁੱਲ ਕੇ ਆਇਆ ਏ ।
ਮਾਤਾ ਮਾਂਜ ਭਾਂਡੇ ਘਰ ਦੀ ਗੁਜਰ ਕੀਤੀ ।
ਪਰਾਏ ਕੰਮਾਂ ਦਾ ਕਸ਼ਟ ਉਠਾਇਆ ਏ ।
ਪੜ੍ਹਨਾ ਪੂਰਨ ਦਾ ਬਹੁਤ ਮੁਹਾਲ ਹੋਇਆ,
ਜਾਵੇ ਫ਼ੀਸਾਂ, ਨਾ ਬੋਝ ਉਠਾਇਆ ਏ ।
ਜਮਾਤੀ ਲੜਕੇ ਆਪੋ ਵਿੱਚ ਵਿਚਾਰ ਕਰਦੇ,
ਪੂਰਨ ਅਗਾਂਹ ਨਾ ਜਾਏ ਪੜ੍ਹਾਇਆ ਏ ।
ਖ਼ਰਚ ਅੱਗੇ ਦੇ ਇਹ ਨਾ ਝੱਲ ਸਕੇ,
ਰਹੇ ਇੱਥੇ ਹੀ ਠੱਪ ਠਪਾਇਆ ਏ ।
ਜਾਣਨਸਾਰ ਨਾਦਾਨ ਕੀ ਮੋਤੀਆਂ ਦੀ,
ਪੂਰਨ ਕਿਹੜਿਆਂ ਕੰਮਾਂ ਨੂੰ ਆਇਆ ਏ ।

ਰੱਬ ਆਖਦਾ ਮੁੰਡਿਓ ਵੇਖ ਲੈ ਸੋ,
ਮੈਂ ਤਾਂ ਪੂਰਨ ਦੇ ਜੱਗ ਨਿਵਾਇਆ ਏ ।
ਭਰਮ ਤੁਸਾਂ ਦਾ ਸਭ ਨਿਵਿਰਤ ਹੋਸੀ,
ਸਮਾਂ ਥੋੜ੍ਹਾ ਇੰਤਜ਼ਾਰ ਠਹਿਰਾਇਆ ਏ ।
ਪੂਰਨ ਜਵਾਨ ਹੋਇਆ ਰੱਬ ਦੀ ਲਗਨ ਲੱਗੀ,
ਆਖੇ ਉਮਰ ਨਾ ਸੁੱਟੀਏ ਜਾਇਆ ਏ ।
ਸੇਵਾ ਖ਼ਲਕ ਖ਼ੁਦਾ ਦੀ ਟਹਿਲ ਕਰੀਏ,
ਏਸੇ ਸ਼ੌਕ ਨੂੰ ਚਿੱਤ ’ਤੇ ਲਾਇਆ ਏ ।
ਵਾਰਤਾ ਆਪਣੀ ਹੁਣ ਪੂਰਨ ਜੀ ਆਪ ਦੱਸਣ,
ਭਗਤ ਲੋਕਾਂ ਨੇ ਕਹਿ ਬੁਲਾਇਆ ਏ ।
ਭਗਤ ਪੂਰਨ ਨਾਮ ਪ੍ਰਚੱਲਿਤ ਹੋਇਆ,
ਲੋਕਾਂ ਮੂੰਹਾਂ ’ਤੇ ਨਾਮ ਚੜ੍ਹਾਇਆ ਏ ।
ਹੋਇਆ ਬਿਮਾਰ ਸਾਂ ਭਗਤ ਜੀ ਆਪ ਦੱਸਣ,
ਮਾਤਾ ਰੱਬ ਨੂੰ ਬਚਨ ਇਹ ਲਾਇਆ ਏ ।
ਦੇਹ ਅਰਾਮ ਰੱਬਾ ਇਹ ਬੱਚਾ ਤੇਰੇ ਹੀ ਕੰਮ ਕਰਸੀ,
ਲੇਖੇ ਤੇਰੇ ਇਸ ਜੀਵਣਾ ਲਾਇਆ ਏ ।
ਘਰ ਮਾਸੀ ਦੇ ਮਾਂ ਦੇ ਨਾਲ ਗਇਆ,
ਬੈਠ ਕਪਾਹ ’ਤੇ ਚੌਂਕੜਾ ਲਾਇਆ ਏ ।
ਮਾਸੀ ਝਿੜਕ ਦਿੱਤੀ ਮਾਂ ਨੂੰ ਬੁਰੀ ਲੱਗੀ,
ਖ਼ਰ੍ਹਵਾ ਬੋਲ ਨਾ ਉਸ ਦਾ ਭਾਇਆ ਏ ।
ਮਾਤਾ ਮਾਸੀ ਨੂੰ ਇਹ ਜਵਾਬ ਦਿੱਤਾ,



ਤੇਰਾ ਬੱਚੇ ਨੇ ਕੀ ਗਵਾਇਆ ਏ ।
ਜਿਹੜੀ ਸ਼ੈਅ ਦੀ ਸੂ ਭੁੱਲ੍ਹ ਵਿਗਾੜ ਕੀਤੀ,
ਦੇਵਾਂ ਉਸਦਾ ਮੁੱਲ ਚੁਕਾਇਆ ਏ ।
ਸਨੇਹ ਭੈਣ ਦਾ ਭੈਣ ਤਿਆਗ ਦਿੱਤਾ,
ਸਾਰੀ ਉਮਰ ਨਾ ਭੁੱਲ ਬੁਲਾਇਆ ਏ ।
ਸੁਭਾ ਉੱਠਕੇ ਰੱਬ ਤੋਂ ਮਾਂ ਮੰਗੇ,
ਭਲਾ ਸੁੱਖ ਸਰਬੱਤ ਦਾ ਚਾਹਿਆ ਏ ।
ਭਾਗੀਂ ਭਰਿਓ ਆਖਦੀ ਕੀੜਿਆਂ ਨੂੰ,
ਦਾਤੇ ਅੰਨ ਦੇ ਕਹਿ ਸਲਾਹਿਆ ਏ ।
ਸਿੱਖਿਆ ਮਾਂ ਨਵੇਕਲੇ ਬੈਠ ਦਿੱਤੀ,
ਵਿਆਹ-ਸ਼ਾਦੀਆਂ ਕੀ ਧਰਾਇਆ ਏ ।
ਬ੍ਰਹਮਚਾਰੀ ਦਾ ਜੀਵਣਾ ਜੀ ਬੇਟਾ,
ਪ੍ਰੇਮ ਰੱਬ ਦੇ ਨਾਲ ਜੇ ਲਾਇਆ ਏ ।
ਜਾ ਸੇਵਾਦਾਰਾਂ ਦੇ ਵਿੱਚ ਸੀ ਨਾਮ ਦਿੱਤਾ,
ਡੇਰਾ ਸਾਹਿਬ ਦੇ ਸੀਸ ਨਿਵਾਇਆ ਏ ।
ਆਈਆਂ ਸੰਗਤਾਂ ਦੇ ਟਹਿਲ ਅਦਾਬ ਕਰਨ,
ਕਰ ਗੁਰੂ ਤੋਂ ਚਾਨਣਾ ਪਾਇਆ ਏ ।
ਉੱਥੇ ਰਹਿੰਦਿਆਂ ਮਨ ਨੂੰ ਸ਼ਾਂਤ ਆਈ,
ਹਿੱਸਾ ਉਮਰ ਦਾ ਕੁਝ ਬਿਤਾਇਆ ਏ ।
ਮਾਰਗ ਸੰਤਾਂ ਦਾ ਅਸਲ ਮਲੂਮ ਹੋਇਆ,
ਸੱਚਖੰਡ ਦੀ ਸੋਝਣੀ ਪਾਇਆ ਏ ।

ਲਾਇਬ੍ਰੇਰੀ ਮਸ਼ਹੂਰ ਦਿਆਲ ਸਿੰਘ ਦੀ,
ਪੜ੍ਹ ਪੁਸਤਕਾਂ ਵੀ ਹਾਸਲਾ ਪਾਇਆ ਏ ।
ਅਨੇਕ ਵਿਚਾਰ ਗਿਆਨ ਪ੍ਰਮਾਣ ਸੁੱਝੇ,
ਨਿਰਨੈ ਕੀਤੇ ਲਿਟਰੇਚਰੀ ਛਾਇਆ ਏ ।
ਕਿਧਰੇ ਜਾਂਦਿਆਂ ਇਕ ਦਿਨ ਸੜਕ ਪਾਸੇ,
ਬੱਚਾ ਮਸੂਮ ਇਕ ਲੇਟਿਆ ਪਾਇਆ ਏ ।
ਕੋਈ ਸਾਕ ਨਾ ਵਾਰਸੀ ਕੋਲ ਉਸਦੇ,
ਤੌਰ ਬੇਵਾਰਸੀ ਕਿਸੇ ਛੁਡਾਇਆ ਏ ।
ਲੂਲ੍ਹੇ ਹੱਥ ਪੈਰ ਅੰਗਹੀਣ ਪੂਰਾ,
ਇਸੇ ਵਿਧੀ ਨੇ *ਬਾਬ ਬਣਾਇਆ ਏ ।
ਹੱਥੀਂ ਆਪਣੀ ਫੜ ਨਾ ਖਾ ਸਕੇ,
ਪਾਣੀ ਚੁੱਕ ਨਾ ਸੋਇਮ ਪਿਲਾਇਆ ਏ ।
ਉਸ ਦਾ ਜੀਵਕਾ ਸਹਾਰੇ ਦੂਸਰੇ ਦੇ,
ਬਾਜੂ ਭਗਤਾਂ ਨੂੰ ਰੱਬ ਫੜਾਇਆ ਏ ।
ਤਰਸ ਖਾ ਉਸ ਨੂੰ ਚੁੱਕ ਲੀਤਾ,
ਹਿੱਤ ਦੇ ਕੇ ਸੀਨੇ ਨੂੰ ਲਾਇਆ ਏ ।
ਕੁੱਛੜ ਮੋਢਿਆਂ ਤੇ ਉਸ ਨੂੰ ਲਈ ਫਿਰਨਾ,
ਸਾਥੀ ਰੱਬ ਨੇ ਖ਼ੂਬ ਮਿਲਾਇਆ ਏ ।
ਗੰਦ ਮੈਲ ਸਭ ਉਸ ਦੀ ਸਾਫ਼ ਕਰਨੀ,
ਧੰਨੇ ਪੱਥਰੋਂ ਰੱਬ ਨੂੰ ਪਾਇਆ ਏ ।

*ਬਾਬ—**Miserable state.**



ਕੁਝ ਸਮੇਂ ਬਾਅਦ ਮੁਲਕੀ ਬਟਵਾਰ ਹੋਈ,
ਨੱਸੋ-ਭੱਜੀ ਨੂੰ ਵਾਰ ਨਾ ਆਇਆ ਏ ।
ਵੱਸਦਿਆਂ ਰਸਦਿਆਂ ਭਾਜੜ ਤਕਦੀਰ ਵਰਤੀ,
ਜਲਾਵਤਨੀ ਦੌਰ ਸੀ ਆਇਆ ਏ ।
ਆਪੋ ਆਪਣੀ ਬੇਚੈਨੀ ਸਨ ਲੋਕ ਰੋਂਦੇ,
ਕੌਣ ਸੁਣਦਾ ਕਿਹਨੂੰ ਸੁਣਾਇਆ ਏ ।
ਫ਼ਿਕਰ ਭਗਤ ਜੀ ਨੂੰ ਆਪਣੇ ਸਾਥੀਏ ਦਾ,
ਚਿੰਤਾ ਆਪਣੀ ਦੇਹ ਨਾ ਕਾਇਆ ਏ ।
ਨਗਰੀ ਗੁਰੂ ਦੀ ਭਗਤ ਜੀ ਆਣ ਪਹੁੰਚੇ,
*ਕੈਂਪ ਕਾਲੇਜ ਵਿੱਚ ਠਹਿਰਨਾ ਪਾਇਆ ਏ ।
ਲੋਕਾਂ ਆਪਣੇ ਜਾਨ ਤੇ ਮਾਲ ਆਂਦੇ,
ਖੱਟੀ ਲਾਹੌਰ ਦੀ ਭਗਤ ਲਿਆਇਆ ਏ ।
ਜਾਇਦਾਦ ਪਿਆਰੇ ਦੀ ਦੇਹ ਚੁੱਕੀ,
ਉਸ ਨੂੰ ਸਾਂਭ-ਸੰਭਾਲ ਵਿਖਾਇਆ ਏ ।
ਲੋਕ ਸਾਂਭਦੇ ਸਾਮਾਨ ਤੇ ਵਲੇਵਿਆਂ ਨੂੰ,
ਪੂਰਨ ਪਿੰਗਲਿਆਂ ਨੂੰ ਸਾਂਭ ਵਿਖਾਇਆ ਏ ।
ਇਕ ਰੁਪਏ ਦੇ ਨਾਲ ਸਨ ਪੰਜ ਆਨੇ,
ਨਾਵਾਂ ਨਕਦ ਇਹ ਨਾਲ ਲਿਆਇਆ ਏ ।
ਨਿਕਲ ਕੈਂਪ ਤੋਂ ਸ਼ਹਿਰ ਦਾ ਰੁਖ਼ ਕੀਤਾ,

*ਕੈਂਪ ਕਾਲੇਜ—ਦੇਸ਼ ਦੀ ਵੰਡ ਸਮੇਂ ਪਾਕਿਸਤਾਨੋਂ ਆਉਣ ਸਮੇਂ ਸਭ ਤੋਂ ਪਹਿਲਾਂ ਭਗਤ ਜੀ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ ’ਚ ਠਹਿਰੇ ਸਨ ।

ਕਦਮ ਅੱਗੇ ਨੂੰ ਚਾ ਉਠਾਇਆ ਏ ।
ਹਰਿਮੰਦਰ ਸਾਹਿਬ ਦੀ ਪਰਿਕਰਮਾ ਆਣ ਕੀਤੀ,
ਥਕੇਵਾਂ ਗਰਦ ਇਸ਼ਨਾਨ ਨੇ ਲਾਹਿਆ ਏ ।
ਸੋਢੀ ਪਾਤਿਸ਼ਾਹ ਗੁਰੂ ਦਰਬਾਰ ਅੰਦਰ,
ਮਨ ਗੇਰ ਕੇ ਵਿਰਦ ਕਮਾਇਆ ਏ ।
ਕੀਰਤਨ ਗੁਰਬਾਣੀ ਦੇ ਮਨ ਨੂੰ ਠੰਡ ਪਾਈ,
ਦੁੱਖ ਦਰਦ ਸੰਤਾਪ ਮਿਟਾਇਆ ਏ ।
ਨਾਨਕ ਜੋਤ ਦੀ ਮਿਹਰ ਅਪਾਰ ਹੋਈ,
ਬਰਕਤ ਡਿੱਗਿਆਂ ਨੂੰ ਦੇਹ ਉਠਾਇਆ ਏ ।
ਅਗਲੇ ਹਾਲ ਦੀ ਬੁੜ ਗਵਾ ਦਿੱਤੀ,
ਖੁੱਲ੍ਹ ਛੱਟਾ ਚਾ ਮਿਹਰ ਦਾ ਲਾਇਆ ਏ ।
*ਤਕੂਆ ਰੱਖ ਦਰਬਾਰ ਸੀ ਵਿਦਾ ਹੋਇਆ,
ਆਰੰਭੇ ਕੰਮ ਨੂੰ ਚਾ ਚਲਾਇਆ ਏ ।
ਮੰਗਣਾ ਸ਼ਹਿਰ ਖਲੋ ਕੇ ਵਿੱਚ ਸੜਕਾਂ,
ਟੱਲੀ ਖੜਕਦੀ ਨੂੰ ਵਾਰ ਨਾ ਆਇਆ ਏ ।
ਚੌਦਾਂ ਸਾਲ ਬਣਿਆ ਪਿਆਰੇ ਦੀ ਰੇਲ ਗੱਡੀ,
ਸੀਟ ਪਿੱਠ ਦੀ ਸਵਾਰ ਬੈਠਾਇਆ ਏ ।
**ਕੰਪਨੀ ਬੋਹੜ ਵਿੱਚ ਥਿਏਟਰ ਦੇ ਵਕਤ ਕੱਟੇ,
ਪਲਟਾ ਮਰੀਜ਼ਾਂ ਦੇ ਭਾਗ ਨੇ ਖਾਇਆ ਏ ।

*ਤਕੂਆ—ਓਟ ਆਸਰਾ
**ਕੰਪਨੀ ਬੋਹੜ—ਮੌਜੂਦਾ ਗੁਰੂ ਤੇਗ਼ ਬਹਾਦਰ ਹਸਪਤਾਲ ਗੇਟ ਦੇ ਨਾਲ, ਨਾਮਧਾਰੀ ਸ਼ਹੀਦਾਂ ਦਾ ਬੋਹੜ ਥੱਲੇ ਅਤੇ ਬਾਅਦ ’ਚ ਇੰਦਰਾ ਪੈਲੇਸ ਸਿਨੇਮਾ ਵਾਲੀ ਥਾਂ ।



ਉੱਥੋਂ ਉੱਠ ਕੇ ਜੀ.ਟੀ. ਰੋਡ ਲਾਗੇ,
ਡੇਰਾ ਭਗਤ ਜੀ ਆਣ ਜਮਾਇਆ ਏ ।
ਚੜ੍ਹਦੀ ਕਲਾ ਵਿੱਚੋਂ ਥਾਂ ਨੂੰ ਭਾਗ ਲੱਗਾ,
ਰੂੜੀ ਖਾਤਿਆਂ ਸਵਰਗ ਬਣਾਇਆ ਏ ।
ਪਿੰਗਲਵਾੜਾ ਹੁਣ ਇਸ ਨੂੰ ਲੋਕ ਕਹਿੰਦੇ,
ਰੋਗੀ ਜਾਣ ਲਵੋ ਭਗਤਾਂ ਦੀ ਮਾਇਆ ਏ ।
ਭਗਤ ਆਖਦਾ ਗੁਰੂ ਰਾਮਦਾਸ ਮਿਹਰ ਰੱਖੀਂ,
ਚੌਣਾ ਤੁਸਾਂ ਦੇ ਹੀ ਆਸਰੇ ਚਾਇਆ ਏ ।
ਸਭ ਰੰਗ ਵਿੱਚ ਖੇਡ ਕਰਤਾਰ ਦੀ ਏ,
ਆਹਰੇ ਧੰਦੇ ਸਭ ਉਸ ਨੇ ਲਾਇਆ ਏ ।
ਜਿਹੜੀ ਕਾਰ ਭਗਵਾਨ ਨੇ ਸੌਂਪ ਛੱਡੀ,
ਸਿਰ ਮੱਥੇ ’ਤੇ ਉਸ ਨੂੰ ਚਾਇਆ ਏ ।
ਭਗਤ ਪੂਰਨ ਕੀਤੀ ਸੇਵਾ ਪਿੰਗਲੇ ਦੀ,
ਟਹਿਲ ਖ਼ਿਦਮਤ ਤੋਂ ਪ੍ਰੀਤਮ ਨੂੰ ਪਾਇਆ ਏ ।
ਸੇਵਾ ਰੋਗੀਆਂ ਦੀ ਬੰਦਗੀ ਰੱਬ ਦੀ ਏ,
ਨੁਕਤਾ ਸੋਧ ਦੇ ਚਿੱਤ ਨੂੰ ਡਾਹਿਆ ਏ ।
ਖਿਡੌਣਾ ਭਗਤ ਜੀ ਦਾ ਪਿਆਰੇ ਨਾਮ ਵਾਲਾ,
ਸਭਨਾਂ ਪਿਆਰ ਦੇ ਨਾਲ ਬੁਲਾਇਆ ਏ ।
ਡਿਊਟੀ ਹਿਫ਼ਾਜ਼ਤੀ ਪਾਸ ਮੌਜੂਦ ਰਹਿੰਦੀ,
ਭੋਜਨ ਮੂੰਹ ਸਰਕਾਰ ਦੇ ਪਾਇਆ ਏ ।
ਫਲ ਰਸ ਆਦਿਕ ਵੀ ਉਸ ਦੇ ਮੂੰਹ ਪੈਂਦੇ,

ਖਾਵੇ ਤਬਾ ਜੋ ਉਸ ਦੀ ਭਾਇਆ ਏ ।
ਲਾਡ ਪਿਆਰ ਦੀ ਛੇੜ 'ਤੇ ਹੱਸਦਾ ਏ,
ਖ਼ਰਵੇ ਬੋਲ ਨੂੰ ਫੱਕੜ ਸੁਣਾਇਆ ਏ ।
ਪਹਾੜ ਚੱਟਣੈ ਥੀਂ ਬੀਬਾ ਕਾਰ ਔਖੀ,
ਬੀੜਾ ਸੇਵਾ ਦਾ ਜੋ ਭਗਤ ਜੀ ਚਾਇਆ ਏ ।
ਐਸੀ ਘਾਲ ਨਾ ਕਿਸੇ ਦੀ ਸੁਣੀ ਡਿੱਠੀ,
ਹਾਲ ਪੜ੍ਹਿਆ ਜਗਤ ਸਬਾਇਆ ਏ ।
ਖੁਰੀ, ਕਿੱਲ, ਸ਼ੀਸ਼ਾ ਭਗਤ ਜੀ ਰਾਹੋਂ ਚੁੱਕ ਲੈਂਦੇ,
ਛਿਲਕਾ, ਗੋਹਾ ਵੀ ਬਾਟੜੇ ਪਾਇਆ ਏ ।
ਦੁਖੀ ਜੀਆਂ 'ਤੇ ਭਗਤ ਜੀ ਤਰਸ ਖਾਂਦੇ,
ਦਰਦ ਸਭ ਨਾਲ ਰਲ ਵੰਡਾਇਆ ਏ ।
ਗਲੇ ਲਾ ਲੈਂਦਾ ਅਪਾਹਿਜ ਤੇ ਲੂਲ੍ਹਿਆਂ ਨੂੰ,
ਆਸ ਰੱਖ ਕੇ ਦਵਾਰ ਜੋ ਆਇਆ ਏ ।
ਖਾਣ-ਪੀਣ ਦੀ ਸੋਝੀ ਅਤੇ ਸਾਰ ਰੱਖੇ,
ਮੰਜਾ-ਬਿਸਤਰਾ ਸਾਫ਼ ਵਿਛਾਇਆ ਏ ।
ਸਰਦੀ ਧੁੱਪ ਗਰਮੀ ਸਭ ਖ਼ਿਆਲ ਰੱਖੇ,
ਝੱਖੜ ਮੀਂਹ 'ਤੇ ਖ਼ਿਆਲ ਕਰਾਇਆ ਏ ।
ਅੰਦਰ ਭਗਤ ਜੀ ਦੇ *ਬਹਿਰ ਗਿਆਨ ਵਗੇ,
ਰਾਸ ਅਮਲ ਦੀ ਮੂਲ ਸਰਮਾਇਆ ਏ ।
ਜਗਤ ਮਾਮਲਿਆਂ 'ਤੇ ਭਗਤ ਜੀ ਵਿਚਾਰ ਸੋਧਣ,
ਹਾਨੀ-ਲਾਭ 'ਤੇ ਚਾਨਣਾ ਪਾਇਆ ਏ ।

*ਬਹਿਰ—ਸਮੁੰਦਰ



ਸੁਸਤੀ ਗ਼ਫ਼ਲਤ ਨਾ ਭਗਤ ਜੀ ਛੂੰਹਦੀ ਏ,
ਉੱਦਮ ਸ਼ੌਕ ਤੇ ਫ਼ਿਕਰ ਸਵਾਇਆ ਏ ।
ਡਿਊਟੀ ਫ਼ਰਜ਼ ਦੀ ਭਗਤ ਜੀ ਦੇਣ ਪੂਰੀ,
ਜਿਹੜੇ ਧੰਦੇ ਦਾ *ਕਸਦ ਉਠਾਇਆ ਏ ।
ਜੀਵਨ ਭਗਤ ਜੀ ਦੇ ਸਾਦਗੀ ਜਗਦੀ ਏ,
ਲੀੜੇ ਖੱਦਰੀ ਤਨ ਹੰਡਾਇਆ ਏ ।
ਘਾਲ ਭਗਤ ਜੀ ਦੀ ਸੋਨੇ ਸ਼ੁੱਧ ਵਾਂਙੂ,
ਸਵਾਰਥ ਜਾਤੀਆਂ ਬਾਅਦ ਨਾ ਪਾਇਆ ਏ ।
'ਜੀਵਨ ਲਹਿਰ' ਰਸਾਲਾ ਹਰ ਮਾਹ ਛਪੇ,
ਚਾਹਵਾਨਾਂ ਦੇ ਤੀਕ ਪਹੁੰਚਾਇਆ ਏ ।
ਇਨਸਾਨੀ ਫ਼ਰਜ਼ ਨੂੰ ਜਾਣਨ ਦੇ ਲੇਖ ਦਿੱਤੇ,
ਰਾਹ ਰਾਸਤੀ ਸਭ ਸਮਝਾਇਆ ਏ ।
ਦਇਆ ਧਰਮ ਉਪਾਸਨਾ ਰਾਹ ਦੱਸੇ,
ਗੋਬਿੰਦ ਸੁੱਤਿਆਂ ਕਿਸੇ ਨਾ ਪਾਇਆ ਏ ।
ਪਰਾਏ ਭਲੇ ਲਈ ਭਗਤ ਜੀ ਜਾਨ ਵਾਰਨ,
ਜ਼ਿੰਦ-ਜਾਨ ਦਾ ਤਾਣ ਸਭ ਲਾਇਆ ਏ ।
ਸਿੱਖਿਆ ਮਾਂ ਦੀ ਅਮਲ ਦੇ ਵਿੱਚ ਆਂਦੀ,
ਭੁੱਲ ਵਿਸਰ ਨਾ ਬਚਨ ਭੁਲਾਇਆ ਏ ।
ਪਾਠ ਗੁਰਬਾਣੀ ਦੇ ਸੁਣਨ ਦਾ ਸ਼ੌਕ ਪੂਰਾ,
ਸੰਧਿਆ ਨਿਯਮ ਨਾ ਜਾਏ ਖੁੰਝਾਇਆ ਏ ।

*ਕਸਦ—ਜ਼ਿੰਮੇਵਾਰੀ

ਰੱਬ ਆਪਣਾ ਜਿਸ ਨੂੰ ਸ਼ੌਕ ਬਖ਼ਸ਼ੇ,
ਚਿੱਤ ਉਸੀ ਨੇ ਉਸ ਨੂੰ ਲਾਇਆ ਏ ।
ਕਾਰਨ ਸਰਵਿਸ ਦੇ ਕੋਈ ਜੇ ਆ ਜਾਵੇ,
ਜੀ ਤੋੜ ਨਾ ਪਿਛਾਂਹ ਪਰਤਾਇਆ ਏ ।
ਚੰਦ ਦਿਨ ਉਸ ਨੂੰ ਭਗਤ ਜੀ *ਗੋਠ ਰੱਖਣ,
**ਤਬਾ ਬੋਲ ਤੋਂ ਖ਼ੂਬ ਅਜਮਾਇਆ ਏ ।
ਚਿਹਰੇ ਸ਼ਰਾਫ਼ਤ ਤੋਂ ਭਗਤ ਜੀ ਪਰਖ ਲੈਂਦੇ,
ਜੇਬ ਕਤਰਾ ਨੱਸ ਨਹੀਂ ਆਇਆ ਏ ।
ਆਦਿ ਅੰਤ ਸਭ ਉਸ ਦਾ ਜਾਣ ਕੇ ਤੇ,
ਰਜਿਸਟਰ ਹਾਜ਼ਰੀ ਨਾਮ ਚੜ੍ਹਾਇਆ ਏ ।
ਪੰਜਾਂ ਵਾਰਡਾਂ ਦਾ ਖਾਣਾ ਰੋਜ਼ ਪੱਕੇ,
ਲੰਗਰ ਗੁਰੂ ਦਾ ਸਮਝ ਵਰਤਾਇਆ ਏ ।
ਅਰਜਨ ਗੁਰੂ ਜੀ ਦੀਆਂ ਬਖ਼ਸ਼ੀਆਂ ਬਰਕਤਾਂ ਨੇ,
ਖਾਂਦੇ ਵਰਤਦੇ ਤੋਟ ਨਾ ਆਇਆ ਏ ।
ਮਰੀਜ਼ਾਂ ਅਤੇ ਟਹਿਲੀਆਂ ਦੀ ਭਰੀ ਗੁਜਰ ਹੁੰਦੀ,
ਫਾਕਾ ਭੁੱਖ ਦਾ ਕਿਸੇ ਨਾ ਆਇਆ ਏ ।
ਦਾਨੀ ਵੀਰਾਂ ਨੂੰ ਦੇਵੇ ਭਗਵਾਨ ਬਹੁਤਾ,
ਹੱਥੀਂ ਜਿਹਨਾਂ ਦੀ ਰੱਬ ਘਲਾਇਆ ਏ ।
ਸ਼ਾਮੀਂ ਅੰਨ ਦੇ ਗੱਫ਼ੇ ਜੋ ਵਧ ਰਹਿੰਦੇ,
***ਲਸ਼ਕਰ ਬਾਗੜੀ ਭੱਜਦਾ ਆਇਆ ਏ ।

*ਗੋਠ—ਆਪਣੇ ਪਾਸ **ਤਬਾ ਬੋਲ—ਬੋਲਚਾਲ ਦਾ ਢੰਗ ਤਰੀਕਾ ।
***ਲਸ਼ਕਰ ਬਾਗੜੀ—ਜੀ.ਟੀ. ਰੋਡ ਉੱਪਰ ਰਹਿੰਦੇ ਟੱਪਰਵਾਸੀ ।



ਉਵੇਂ ਵਧਿਆ ਲੈਣ ਸਮੇਟ ਸਾਰਾ,
ਜੈ ਜੈਕਾਰਾ ਭਗਤਾਂ ਦਾ ਲਾਇਆ ਏ ।
ਕੁਝ ਫਲ ਵੀ ਉਹਨਾਂ ਨੂੰ ਜਾਣ ਵਰਤੇ,
ਵੇਸ ਆਜਜ਼ੀ ਜਿਹਾ ਬਣਾਇਆ ਏ ।
ਭੋਲੇ ਮੂੰਹਾਂ ਨੂੰ ਦੇਖ ਕੇ ਰਹਿਮ ਆਏ,
ਭਗਤ ਜੀ ਤੱਕ ਕੇ ਤਰਸ ਕਮਾਇਆ ਏ ।
ਦੇਸ਼-ਵਿਦੇਸ਼ ਵਿੱਚ ਭਗਤ ਜੀ ਦਾ ਜੱਸ ਹੋਇਆ,
ਨਾਮ ਸਾਧ ਦਾ ਰੱਬ ਚਮਕਾਇਆ ਏ ।
ਢੁੱਕੇ ਪ੍ਰਿਥਮੀ ਭਗਤ ਜੀ ਦੇ ਦਰਸ਼ਨਾਂ ਨੂੰ,
ਨਿਉਂ-ਨਿਉਂ ਅਦਬ ਥੀਂ ਸੀਸ ਨਿਵਾਇਆ ਏ ।
ਆਖਣ ਭਗਤ ਜੀ ਰੂਪ ਭਗਵਾਨ ਦਾ ਏ,
ਜਾਮਾ ਧਾਰ ਮਨੁੱਖ ਦਾ ਆਇਆ ਏ ।
ਦੇਸ਼ ਵਿਦੇਸ਼ ਤੋਂ ਯਾਤਰੀ ਆਉਣ ਜੱਥੇ,
ਹਰਿਮੰਦਰ ਸਾਹਿਬ ਜੀ ਦਾ ਦਰਸ਼ਨ ਪਾਇਆ ਏ ।
ਪਿੰਗਲਵਾੜੇ ਲਈ ਵੀ ਦਿਲਾਂ 'ਤੇ ਖਿੱਚ ਪੈਂਦੀ,
ਰੋਗੀ ਠਾਕਰਾਂ ਦੀ ਕੋਸ਼ਿਸ਼ ਖਿਚਾਇਆ ਏ ।
ਇੱਥੇ ਮਰੀਜ਼ਾਂ ਦੀ ਜਦੋਂ ਸਾਂਭ-ਸੰਭਾਲ ਤੱਕੀ,
ਸੇਵਾ-ਭਾਵ ਜਜ਼ਬਾਤ ਸਲਾਹਿਆ ਏ ।
ਬਰਾਂਚ ਵਾਰਡਾਂ ਦੇ ਸੰਗਤਾਂ ਸੀਨ ਵੇਖਣ,
ਰਹਿਮ ਫੁੱਟ ਕੇ ਦਿਲਾਂ 'ਤੇ ਆਇਆ ਏ ।
ਸਭਨਾਂ ਖੀਸਿਆਂ ਤੋਂ ਢਿੱਲੀ ਜਿੱਪ ਕੀਤੀ,
ਮਾਇਆ ਅਰਪ ਕੇ ਪੁੰਨ ਕਮਾਇਆ ਏ ।

## ਭਗਤ ਜੀ ਦੇ ਕਹੇ ਹੋਏ ਬਚਨਾਂ ਦੇ ਭਾਵ-ਅਰਥ

ਗ਼ਲਤ ਥਾਂ ਗ਼ੰਦਗੀ ਪਿਆ ਧਨ ਹੁੰਦਾ,
ਉਸ ਨੂੰ ਖੇਤਾਂ ਚੱਕ ਵਿਛਾਇਆ ਏ ।
ਫ਼ਸਲ ਬੂਟਿਆਂ ਵਿੱਚ ਆਵੇ ਜਾਨ ਚੰਗੀ,
ਝਾੜ ਜਿਣਸ ਦੇ ਦੂਣ ਸਵਾਇਆ ਏ ।
ਆਦੇਸ਼ ਭਗਤ ਜੀ ਦਾ ਹਰ ਵਰਸ਼ ਰੁੱਖ ਲਾਵੋ,
ਕਾਰਨ ਇਸ ਦੇ ਨਾਲ ਸਮਝਾਇਆ ਏ ।
ਉੱਡਦੀ ਰੇਤਾ ਤੂਫ਼ਾਨੀ ਨੂੰ ਰੁੱਖ ਲਾਣ ਡੱਕਾ,
ਟਿੱਲੇ ਬਣਨ ਤੋਂ ਧਰਤ ਬਚਾਇਆ ਏ ।
ਗਊ ਵੱਛੇ ਨੂੰ ਭਗਤ ਜੀ ਪਿਆਰ ਕਰਦੇ,
ਥੱਪਕੀ ਦੇ ਕੇ ਪਚਕਰਾ ਲਾਇਆ ਏ ।
*ਕਬੱਡੇ ਰੋਗ ਨਾ ਮਰੀਜ਼ਾਂ ਦੇ ਸਹੇ ਜਾਂਦੇ,
ਭਗਤ ਦੁਆ ਲਈ ਹੱਥ ਉਠਾਇਆ ਏ ।
ਪਰਵਰਦਿਗਾਰ ਦਾਤਾ ਬਖ਼ਸ਼ੇ ਅਰਾਮ ਇਹਨਾਂ,
ਰਾਜ਼ੀ ਦਿਸੇ ਜੋ ਜੱਗ 'ਤੇ ਆਇਆ ਏ ।
ਵਹਿਸ਼ੀ 'ਅਮਰ' ਦੇ ਮਨ ਤਰੰਗ ਉੱਠੀ,
ਰਤਾ ਦਿਲ ਦਾ ਸ਼ੌਕ ਅਜਮਾਇਆ ਏ ।

*ਕਬੱਡੇ ਰੋਗ—ਲਾਇਲਾਜ ਬਿਮਾਰੀਆਂ ।



ਮਹਿਮਾ ਸੰਤਾਂ ਦੀ ਨਾ ਬਿਆਨ ਹੁੰਦੀ,
ਰੱਬੀ ਭੇਦ ਨੂੰ ਕਿਸੇ ਨਾ ਪਾਇਆ ਏ ।
ਜੋ ਆਇਆ ਤਿਸ ਲਾਜ਼ਮੀ ਚਲੇ ਜਾਣਾ,
ਟਾਈਮ ਸੱਦਾ ਜਦ ਹੁਕਮ ਦਾ ਆਇਆ ਏ ।
ਫ਼ਾਨੀ ਜਗ ਤੋਂ ਭਗਤ ਜੀ ਕੂਚ ਕੀਤਾ,
ਰੱਬੀ ਜੋਤ ਵਿੱਚ ਜਾ ਸਮਝਾਇਆ ਏ ।
ਸਦਾ ਸਦੀਵ ਭਗਤ ਜੀ ਦਾ ਨਾਮ ਰਹਿਸੀ,
ਸੇਵਾ ਮਖਲੂਕ ਦੀ ਜੀਵਨਾ ਲਾਇਆ ਏ ।

## ਭਗਤ ਪੂਰਨ ਸਿੰਘ ਜੀ ਬਾਨੀ ਪਿੰਗਲਵਾੜਾ, ਅੰਮ੍ਰਿਤਸਰ

ਵੱਲੋਂ ਗਿਆਨੀ ਮੋਹਣ ਸਿੰਘ (ਡਾ.) ਲੁਧਿਆਣਾ

ਲੱਖਾਂ ਜੂਨਾਂ ਚੁਰਾਸੀ ਦੀਆਂ ਮਰਨ ਜੰਮਣ,
ਉਹਦੇ ਦਰ 'ਤੇ ਹੁੰਦਾ ਪਰਵਾਨ ਕੋਈ ਕੋਈ ।
ਲੱਖਾਂ ਸੂਰਮੇ ਯੋਧੇ ਬਲਵਾਨ ਹੁੰਦੇ,
ਹੁੰਦਾ ਉਹਨਾਂ 'ਚੋਂ ਮਰਦਿ-ਮੈਦਾਨ ਕੋਈ ਕੋਈ ।
ਡਾਰਾਂ ਮਿਰਗਾਂ ਦੀਆਂ ਚੌਕੜੀ ਭਰਨ ਭਾਵੇਂ,
ਪਰ ਕਸਤੂਰੀ ਨੂੰ ਸਾਂਭੇ ਹੈਵਾਨ ਕੋਈ ਕੋਈ ।
ਉੱਤਮ ਜੂਨ ਮਨੁੱਖ ਨੂੰ ਰੱਬ ਬਖ਼ਸ਼ੀ,
ਬਖ਼ਸ਼ਸ਼ ਪਾ ਕੇ ਬਣਦਾ ਇਨਸਾਨ ਕੋਈ ਕੋਈ ।
ਵੀਹਵੀਂ ਸਦੀ 'ਚ ਮਾਰ ਕੇ ਨਿਗਾਹ ਵੇਖੋ,
ਜਿੰਨੇ ਦੁਖੀਆਂ ਦਾ ਦਰਦ ਵੰਡਾਇਆ ਹੋਵੇ ।
ਸਿਰ ਆਪਣੇ ਦੁੱਖਾਂ ਦੀ ਪੰਡ ਚੁੱਕੀ,
ਦੁਖੀ ਜੀਵਾਂ ਨੂੰ ਸੁੱਖ ਪੁਚਾਇਆ ਹੋਵੇ ।
ਬ੍ਰਹਮਚਾਰੀ ਪਾਲੇ ਲੂਲ੍ਹੇ ਲੰਗੜਿਆਂ ਨੂੰ,
ਐਸੇ ਗ੍ਰਹਿਸਥ ਦੇ ਫ਼ਰਜ਼ ਨਿਭਾਏ ਕਿਹੜਾ ?



ਕੰਡੇ, ਕਿੱਲ, ਖੁਰੀਆਂ ਚੁੱਕ-ਚੁੱਕ ਪਾਏ ਬਾਟੇ,
ਜੀਵਨ-ਜਾਚ ਦੀ ਤਰਜ਼ ਸਿਖਾਏ ਕਿਹੜਾ ?
ਨੰਗ ਭੁੱਖ ਮਿਟਾ ਕੇ ਦੂਜਿਆਂ ਦੀ,
ਆਪੂੰ ਭੁੱਖ ਤੇ ਨੰਗ ਹੰਢਾਏ ਕਿਹੜਾ ?
ਝੱਲ ਮੀਂਹ ਹਨੇਰੀਆਂ ਆਪ ਸਿਰ 'ਤੇ,
ਦੁਖੀ ਜੀਵਾਂ ਨੂੰ ਛਾਵੇਂ ਬਹਾਏ ਕਿਹੜਾ ?
ਬੱਚਿਆਂ ਵਾਲਿਓ ਜ਼ਰਾ ਧਿਆਨ ਦੇਣਾ ।
ਕਿਹੜਾ ਰੋਂਦਿਆਂ ਤਾਈਂ ਹਸਾਂਵਦਾ ਏ ?
ਸਮਝ ਰੱਬ ਦੇ ਰੂਪ ਉਹ ਸਭ ਤਾਈਂ,
ਡਿੱਗੇ ਢੱਠਿਆਂ ਨੂੰ ਮੋਢੇ ਲਾਂਵਦਾ ਏ ।
ਬੇਜ਼ਬਾਨਾਂ ਤੇ ਰੁੱਖਾਂ ਦੀ ਕਰੋ ਰਾਖੀ,
ਵਾਤਾਵਰਨ ਚੰਗੇਰਾ ਵੀ ਰਹਿ ਸਕਦੈ ।
ਸੰਜਮ ਪੱਖ ਪਰਿਵਾਰ ਵਿੱਚ ਸੁਖੀ ਰਹਿਣਾ,
ਇਉਂ ਸਮਾਜ ਭਲੇਰਾ ਵੀ ਰਹਿ ਸਕਦੈ ।
ਖਾ ਖ਼ੁਰਾਕ ਸਾਦੀ ਪਾ ਪੁਸ਼ਾਕ ਸਾਦੀ,
ਇਉਂ ਇਖ਼ਲਾਕ ਉਚੇਰਾ ਵੀ ਰਹਿ ਸਕਦੈ ।
ਦੂਰ ਰਹਿ ਕੇ ਨਸ਼ਿਆਂ ਤੋਂ ਇਕ ਪਾਸੇ,
ਏਦਾਂ ਤਨ, ਮਨ ਸੁਖੇਰਾ ਵੀ ਰਹਿ ਸਕਦੈ ।
ਲੋਕ-ਲਾਜ ਨੂੰ ਰੱਖਕੇ ਇਕ ਪਾਸੇ,
ਦੇਂਦਾ ਫਿਰੇ ਢੰਡੋਰਾ ਸੰਸਾਰ ਅੰਦਰ ।

ਕੰਨ ਖੋਹਲ ਕੇ ਸੁਣੋ ਪੁਕਾਰ ਮੇਰੀ,
ਰਹੇ ਦੁੱਖ ਨਾ ਭੋਰਾ ਸੰਸਾਰ ਅੰਦਰ ।
ਭਲਿਆਂ ਨਾਲ ਭਲਿਆਈ ਹਰੇਕ ਕਰਦਾ,
ਬੁਰਿਆਂ ਨਾਲ ਵੀ ਨੇਕੀ ਕਮਾਈ ਜਿਸ ਨੇ ।
ਧਰਤੀ ਮਾਂ ਦਾ ਬਣ ਕੇ ਭਗਤ ਪੂਰਨ,
ਵਹਿੰਗੀ ਆਪਣੇ ਮੋਢੇ 'ਤੇ ਚਾਈ ਜਿਸ ਨੇ ।
ਪੀੜ ਪੀੜਿਤਾਂ ਦੀ ਦੂਰ ਕਰਨ ਖ਼ਾਤਰ,
ਪੀੜ ਆਪਣੇ ਪਿੰਡੇ ਹੰਢਾਈ ਜਿਸ ਨੇ ।
ਬ੍ਰਹਮਚਰਯ ਦੀ ਪਾਲਣਾ ਖਰੀ ਹੋਵੇ,
ਕਾਮ-ਕ੍ਰੋਧ ਦੀ ਅਗਨਿ ਬੁਝਾਈ ਜਿਸ ਨੇ ।
ਤਾਹਨੇ ਮਿਹਣਿਆਂ ਦੇ ਤਿੱਖੇ ਤੀਰ ਝੱਲ ਕੇ,
ਪਰਉਪਕਾਰ ਦੀ ਟੋਕਰੀ ਚਾਈ ਰੱਖੀ ।
ਸਿੱਖੀ ਸਿੱਖਿਆ ਗੁਰ-ਵੀਚਾਰੀ ਪੜ੍ਹ ਕੇ,
ਰਹਿੰਦੇ ਸੁਆਸਾਂ ਤਕ ਸਿੱਖੀ ਨਿਬਾਹੀ ਰੱਖੀ ।
ਡਾ: ਇੰਦਰਜੀਤ ਕੌਰ ਉਤਰਾਧਿਕਾਰੀ ਚੁਣ ਕੇ,
ਵਰਤੀ ਦਾਨਿਆਂ ਵਾਲੀ ਦਾਨਾਈ ਸੋਹਣੀ ।
ਹਰੀ ਭਰੀ ਫੁਲਵਾੜੀ ਰਹੇ ਸਦਾ ਕਾਇਮ,
ਪੱਕੀਆਂ ਨੀਹਾਂ ਦੀ ਕੀਤੀ ਚਿਣਾਈ ਸੋਹਣੀ ।
ਲਾਈਟ ਹਾਊਸ ਇਹ ਬਣੇ ਸੰਸਾਰ ਅੰਦਰ,
ਕੋਨੇ ਕੋਨੇ 'ਚ ਇਹਦੀ ਰੁਸ਼ਨਾਈ ਹੋਵੇ ।



ਪੂਰੀ ਯਾਤਰਾ ਹੋਈ ਉਸ ਯਾਤਰੀ ਦੀ
ਪਿੰਗਲਵਾੜੇ ਜਿਸ ਹਾਜ਼ਰੀ ਲਾਈ ਹੋਵੇ ।
ਪੰਜ ਵਰ੍ਹੇ ਭਾਸਣ ਮੈਨੂੰ ਪੰਜ ਸਦੀਆਂ,
ਐਸੇ ਤੀਰ ਵਿਛੋੜੇ ਦੇ ਲਾਏ ਬਾਬਾ ।
ਤੇਰਾ ਪਿਆਰਾ ਵੀ ਰੱਬ ਨੂੰ ਹੋਇਆ ਪਿਆਰਾ,
ਹੰਝੂ ਕੇਰਦਾ ਕਰਦਾ ਹਾਏ ਹਾਏ ਬਾਬਾ ।
ਤੇਰੇ ਬਾਝ ਨਾ ਮਹਿਫ਼ਲਾਂ ਸੋਂਹਦੀਆਂ ਨੇ,
ਦਿੱਸਣ ਸਭ ਦੇ ਚਿਹਰੇ ਕੁਮਲਾਏ ਬਾਬਾ ।
ਪਰ ਅੱਜ ਵੇਖ ਕੇ ਖੇੜੇ 'ਚ ਬਾਗ਼ ਤੇਰਾ,
ਮੇਰੇ ਮਨ ਨੂੰ ਧੀਰਜ ਬੰਨ੍ਹਾਏ ਬਾਬਾ ।
ਪਿਆਰੇ ਵਾਹਿਗੁਰੂ ਅੱਗੇ ਅਰਦਾਸ ਮੇਰੀ,
ਉਹਦੇ ਚਰਨਾਂ 'ਚ ਤੇਰਾ ਨਿਵਾਸ ਹੋਵੇ ।
ਸੇਵਾ ਸਿਮਰਨ ਦੀ ਜੋਤ ਜਗਾਈ ਜਿਹੜੀ,
ਉਹਦਾ 'ਮੋਹਣ' ਦੇ ਰਿਦੇ ਪ੍ਰਕਾਸ਼ ਹੋਵੇ ।

# 'ਰੁੱਖ'

–ਸਿਵ ਕੁਮਾਰ 'ਬਟਾਲਵੀ'

ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ
ਕੁਝ ਰੁੱਖ ਲੱਗਦੇ ਮਾਵਾਂ
ਕੁਝ ਰੁੱਖ ਨੂੰਹਾਂ ਧੀਆਂ ਲੱਗਦੇ
ਕੁਝ ਰੁੱਖ ਵਾਂਗ ਭਰਾਵਾਂ
ਕੁਝ ਰੁੱਖ ਮੇਰੇ ਬਾਬੇ ਵਾਕਣ
ਪੱਤਰ ਟਾਵਾਂ ਟਾਵਾਂ
ਕੁਝ ਰੁੱਖ ਮੇਰੀ ਦਾਦੀ ਵਰਗੇ
ਚੂਰੀ ਪਾਵਣ ਕਾਵਾਂ
ਕੁਝ ਰੁੱਖ ਯਾਰਾਂ ਵਰਗੇ ਲੱਗਦੇ
ਚੁੰਮਾਂ ਤੇ ਗਲ ਲਾਵਾਂ
ਇਕ ਮੇਰੀ ਮਹਿਬੂਬਾ ਵਾਕਣ
ਮਿੱਠਾ ਅਤੇ ਦੁਖਾਵਾਂ
ਕੁਝ ਰੁੱਖ ਮੇਰਾ ਦਿਲ ਕਰਦਾ ਏ
ਮੋਢੇ ਚੁੱਕ ਖਿਡਾਵਾਂ
ਕੁਝ ਰੁੱਖ ਮੇਰਾ ਦਿਲ ਕਰਦਾ ਏ
ਚੁੰਮਾਂ ਤੇ ਮਰ ਜਾਵਾਂ



ਕੁਝ ਰੁੱਖ ਜਦ ਵੀ ਰਲ ਕੇ ਝੂਮਣ
ਤੇਜ਼ ਵਗਣ ਜਦ ਵਾਵਾਂ
ਸਾਂਝੀ ਬੋਲੀ ਸਭ ਰੁੱਖਾਂ ਦੀ
ਦਿਲ ਕਰਦਾ ਲਿਖ ਜਾਵਾਂ
ਮੇਰਾ ਵੀ ਇਹ ਦਿਲ ਕਰਦਾ ਏ
ਰੁੱਖ ਦੀ ਜੂਨੇ ਆਵਾਂ
ਜੇ ਤੁਸਾਂ ਮੇਰਾ ਗੀਤ ਹੈ ਸੁਣਨਾ
ਮੈਂ ਰੁੱਖਾਂ ਵਿੱਚ ਗਾਵਾਂ
ਰੁੱਖ ਤਾਂ ਮੇਰੀ ਮਾਂ ਵਰਗੇ ਨੇ
ਜਿਊਣ ਰੁੱਖਾਂ ਦੀਆਂ ਛਾਵਾਂ ।

## ਸਾਵਧਾਨ ! ਸਾਵਧਾਨ !! ਸਾਵਧਾਨ !!

ਭਾਰਤ ਵਿੱਚ ਹਰ ਸਾਲ ਦਸ ਲੱਖ ਪੰਜਾਹ ਹਜ਼ਾਰ ਹੈਕਟੇਅਰ ਦੇ ਹਿਸਾਬ ਨਾਲ ਜੰਗਲਾਂ ਦਾ ਰਕਬਾ ਘਟਦਾ ਜਾ ਰਿਹਾ ਹੈ । ਜੰਗਲਾਂ ਦੇ ਐਡੇ ਵੱਡੇ ਰਕਬੇ ਦੀ ਹਰ ਸਾਲ ਦੀ ਕਟਾਈ ਨੂੰ ਜੇ ਛੇਤੀ ਤੋਂ ਛੇਤੀ ਰੋਕ ਨਾ ਪਾਈ ਗਈ ਤੇ ਜੰਗਲਾਂ ਦਾ ਰਕਬਾ ਛੇਤੀ ਤੋਂ ਛੇਤੀ ਤੇ ਵੱਧ ਤੋਂ ਵੱਧ ਨਾ ਵਧਾਇਆ ਗਿਆ ਤਾਂ ਭਾਰਤ ਦੀ ਸਾਰੀ ਧਰਤੀ ਰੇਤ ਦਾ ਮਾਰੂਥਲ ਬਣ ਜਾਵੇਗੀ । ਧਰਤੀ ਰੇਤ ਦਾ ਮਾਰੂਥਲ ਹੋਣ ਤੋਂ ਤਾਂ ਹੀ ਬਚ ਸਕਦੀ ਹੈ ਜੇਕਰ ਮੈਦਾਨੀ ਇਲਾਕੇ ਵਿੱਚ 100 ਵਿੱਚੋਂ 21 ਹਿੱਸੇ ਦੇ ਹਿਸਾਬ ਨਾਲ ਅਤੇ ਪਹਾੜੀ ਇਲਾਕੇ ਵਿੱਚ 100 ਵਿੱਚੋਂ 66 ਹਿੱਸੇ ਦੇ ਹਿਸਾਬ ਨਾਲ ਜੰਗਲ ਲੱਗੇ ਹੋਏ ਹੋਣ । ਸੰਨ 1930 ਵਿੱਚ ਭਾਰਤ ਦਾ ਸਮੁੰਦਰ ਤੋਂ ਬਾਹਰੀ ਧਰਤੀ ਦਾ ਤੀਜਾ ਹਿੱਸਾ ਜੰਗਲਾਂ ਨਾਲ ਕੱਜਿਆ ਹੋਇਆ ਸੀ । 1951 ਵਿੱਚ ਉਸ ਰਕਬੇ ਵਿੱਚ 100 ਵਿੱਚੋਂ 23 ਹਿੱਸੇ ਦੇ ਹਿਸਾਬ ਨਾਲ ਜੰਗਲ ਬਾਕੀ ਰਹਿ ਗਏ ਸਨ ; ਪਰ 1989 ਵਿੱਚ ਜੰਗਲਾਂ ਦਾ ਇਹ ਰਕਬਾ ਘਟ ਕੇ 100 ਵਿੱਚੋਂ 10 ਹਿੱਸੇ ਹੀ ਰਹਿ ਗਿਆ ਹੈ । ਜੇ ਇਨ੍ਹਾਂ ਜੰਗਲਾਂ ਦੀ ਅੰਨ੍ਹੇਵਾਹ ਹੋ ਰਹੀ ਕਟਾਈ ਨੂੰ ਛੇਤੀ ਤੋਂ ਛੇਤੀ ਨਾ ਰੋਕਿਆ ਗਿਆ ਤੇ ਰੁੱਖ ਲਾ ਕੇ ਧਰਤੀ ਨੂੰ ਉੱਤੇ ਦਿੱਤੇ ਗਏ ਹਿਸਾਬ ਨਾਲ ਨਾ ਕੱਜਿਆ ਗਿਆ ਤਾਂ ਸੋਕੇ ਆਉਣਗੇ, ਕਾਲ ਆਉਣਗੇ, ਧਰਤੀ ਖੁਰੇਗੀ ਤੇ ਰੇਤ ਦਾ ਮਾਰੂਥਲ ਬਣ ਜਾਵੇਗੀ ।



## ਭਗਤ ਪੂਰਨ ਸਿੰਘ ਜੀ ਦੇ ਉਪਦੇਸ਼

* ਕੁਦਰਤੀ ਸੋਮਿਆਂ ਦੀ ਰੱਖਿਆ ਕਰੋ ।
* ਸਾਦਾ ਜੀਵਨ ਬਤੀਤ ਕਰੋ ।
* ਵੱਧ ਤੋਂ ਵੱਧ ਰੁੱਖ ਲਗਾ ਕੇ ਮਨੁੱਖਤਾ ਦਾ ਭਲਾ ਕਰੋ ।
* ਖਾਦੀ ਦਾ ਕੱਪੜਾ ਪਹਿਨ ਕੇ ਬੇਰੁਜ਼ਗਾਰੀ ਨੂੰ ਘਟਾਉਣ ਵਿੱਚ ਮਦਦ ਕਰੋ ।
* ਸਾਦਾ ਖਾਣਾ, ਸਾਦਾ ਪਾਉਣਾ ਤੇ ਸਾਦਗੀ ਵਿੱਚ ਰਹਿਣ ਦਾ ਅਨੰਦ ਹੀ ਵੱਖਰਾ ਹੈ ।
* ਡੀਜ਼ਲ ਤੇ ਪੈਟਰੋਲ ਦੀ ਘੱਟ ਤੋਂ ਘੱਟ ਵਰਤੋਂ ਕਰੋ ਅਤੇ ਵਧ ਰਹੀ ਆਬਾਦੀ ਨੂੰ ਠੱਲ੍ਹ ਪਾਉਣ ਲਈ ਸੰਜਮ-ਮਈ ਜੀਵਨ ਬਤੀਤ ਕਰੋ ।
* ਰੋ ਰਹੇ ਹਵਾ, ਪਾਣੀ ਅਤੇ ਧਰਤੀ ਮਾਤਾ ਦੀ ਪੁਕਾਰ ਸੁਣੋ । ਰੁੱਖ ਲਾਉਣੇ ਨਾ ਭੁੱਲੋ, ਰੁੱਖ ਦੇਸ਼ ਦੀ ਖ਼ੁਸ਼ਹਾਲੀ ਦਾ ਆਧਾਰ ਹਨ ।
* ਬਰਸਾਤ ਦੇ ਮੌਸਮ ਵਿੱਚ ਹਰ ਇਕ ਪ੍ਰਾਣੀ ਘੱਟੋ-ਘੱਟ ਇਕ ਰੁੱਖ ਜ਼ਰੂਰ ਲਗਾ ਕੇ ਮਾਨਵਤਾ ਦਾ ਭਲਾ ਕਰੇ।
* ਜਾਨਵਰਾਂ ਦੀ ਰੱਖਿਆ ਲਈ ਮਨੁੱਖ ਨੂੰ ਆਪਣੇ ਅੰਦਰ ਦਇਆਮਈ ਭਾਵਨਾ ਰੱਖਦਿਆਂ ਵੱਧ ਤੋਂ ਵੱਧ ਉਪਰਾਲੇ ਕਰਨੇ ਚਾਹੀਦੇ ਹਨ।

## ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ, ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ । ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਤਾਂ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਉਚਿਤ ਇਮਾਰਤ ਅਤੇ ਨਾ ਹੀ ਮਰੀਜ਼ਾਂ ਦੇ ਖਾਣ ਪੀਣ ਜਾਂ ਦਵਾਈਆਂ ਲਈ ਕਿਸੇ ਤਰ੍ਹਾਂ ਦਾ ਮਾਲੀ ਪ੍ਰਬੰਧ ਜਾਂ ਪੈਸੇ ਦਾ ਬੰਦੋਬਸਤ ਸੀ । ਭਗਤ ਪੂਰਨ ਸਿੰਘ ਇਕੱਲੇ ਹੀ ਇਸ ਸੇਵਾ ਦੇ ਪੰਧ 'ਤੇ ਨਿਕਲੇ—ਲੋਕ ਨਾਲ ਜੁੜਦੇ ਗਏ ਕਾਰਵਾਂ ਬਣਦਾ ਗਿਆ । ਉਨ੍ਹਾਂ ਦੀ ਉਤਰਾਧਿਕਾਰੀ ਡਾ: ਇੰਦਰਜੀਤ ਕੌਰ ਦੀ ਅਣਥੱਕ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਵਿੱਚ ਪਿੰਗਲਵਾੜਾ ਸੰਸਥਾ ਨਾ-ਕੇਵਲ ਭਾਰਤ ਵਿੱਚ ਬਲਕਿ ਵਿਦੇਸ਼ਾਂ ਵਿੱਚ ਵੀ ਇਕ ਗੌਰਵਪੂਰਣ ਸੰਸਥਾ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਈ ਹੈ ।

### ਪਿੰਗਲਵਾੜਾ ਇਕ ਨਜ਼ਰ ...

**ਨਿਵਾਸ ਅਤੇ ਸੰਭਾਲ** :-1782 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ ।

**ਇਲਾਜ ਅਤੇ ਸਹੂਲਤਾਂ** :- *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਮੁੜ ਵਸੇਬਾ ਕੇਂਦਰ, *ਐਂਬੂਲੈਂਸ, *ਮਸਨੂਈ ਅੰਗ ਕੇਂਦਰ, *ਫਿਜ਼ਿਓਥਰੈਪੀ ਸੈਂਟਰ, *ਡੈਂਟਲ ਕਲੀਨਿਕ, *ਅਲਟਰਾ ਸਾਊਂਡ ਸੈਂਟਰ, *ਅੱਖਾਂ ਦਾ ਕਲੀਨਿਕ, *ਮੰਦ-ਬੁੱਧੀ ਬੱਚਿਆਂ ਲਈ ਸੰਵੇਦੀਕੇਂਦਰ, *ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਰਨਵਾਸ ਕੇਂਦਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ *ਆਪਣਾ ਘਰ, * ਖੇਡਾਂ ਦੇ ਕਮਰੇ ।



**ਜਾਗਰੂਕਤਾ** :- * ਪ੍ਰਿੰਟਿੰਗ ਪ੍ਰੈਸ, * ਲਾਇਬ੍ਰੇਰੀ, * ਕਿਤਾਬਚੇ ਅਤੇ ਇਸ਼ਤਿਹਾਰ, * ਸੈਮੀਨਾਰ ਅਤੇ ਵਰਕਸ਼ਾਪ ।

**ਵਾਤਾਵਰਨ** :-*ਨਰਸਰੀ,*ਪਾਣੀ ਸਾਫ਼ ਕਰਨ ਵਾਲਾ ਪਲਾਂਟ,*ਦਰੱਖਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ ।

### ਮੁਫ਼ਤ ਵਿਦਿਅਕ ਸਹੂਲਤਾਂ:

- **ਭਗਤ ਪੂਰਨ ਸਿੰਘ ਆਦਰਸ਼ ਸੀਨੀ. ਸੈਕੰ: ਸਕੂਲ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ।**
- **ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੁਕੇਸ਼ਨ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ।**
- **ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ।**
- **ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ ।**
- **ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੁਕੇਸ਼ਨ, (ਪਲਸੋਰਾ) ਚੰਡੀਗੜ੍ਹ ।**
- **ਭਗਤ ਪੂਰਨ ਸਿੰਘ ਸਕੂਲ ਫਾਰ ਡੈੱਫ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ।**
- **ਭਗਤ ਪੂਰਨ ਸਿੰਘ ਸਕੂਲ ਫਾਰ ਡੈੱਫ, ਕਟੌਰਾ ਫਿਰੋਜ਼ਪੁਰ ।**
- **ਭਗਤ ਪੂਰਨ ਸਿੰਘ ਸਕੂਲ ਫਾਰ ਡੈੱਫ, ਬੁੱਟਰਕਲਾਂ, ਕਾਦੀਆਂ ।**
- **ਭਗਤ ਪੂਰਨ ਸਿੰਘ ਸਕੂਲ ਫਾਰ ਡੈੱਫ, ਪੱਟੀ, ਤਰਨ ਤਾਰਨ ।**
- **ਭਗਤ ਪੂਰਨ ਸਿੰਘ ਸਕੂਲ ਫਾਰ ਡੈੱਫ, ਸਰਹਾਲੀ, ਤਰਨ ਤਾਰਨ ।**

**ਨਿਵਾਸ ਅਤੇ ਸੰਭਾਲ :**

ਪਿੰਗਲਵਾੜਾ ਸੰਸਥਾ ਦੀਆਂ 7 ਅਲੱਗ ਅਲੱਗ ਬ੍ਰਾਂਚਾਂ ਵਿੱਚ *1782 ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ।

**ਸਤੰਬਰ 2017 ਤਕ ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ :**

| | | | |
|---|---|---|---|
| ਮਾਨਸਿਕ ਰੋਗੀ | -388 | ਏਡਜ਼ ਵਾਲੇ | -18 |
| ਅਧਰੰਗ/ ਪੋਲੀਏ ਵਾਲੇ | -162 | ਮਿਰਗੀ ਵਾਲੇ | -119 |
| ਮੰਦ-ਬੁੱਧੀ ਵਾਲੇ | -422 | ਕੈਂਸਰ ਵਾਲੇ | -00 |
| ਗੂੰਗੇ ਬੋਲੇ | -162 | ਸ਼ੂਗਰ ਵਾਲੇ | -85 |
| ਬਜ਼ੁਰਗ | -147 | ਸਕੂਲ ਜਾਣ ਵਾਲੇ ਬੱਚੇ | -95 |
| ਜ਼ਖ਼ਮਾਂ ਵਾਲੇ | -25 | ਛੱਡੇ ਗਏ ਬੱਚੇ | -05 |
| ਟੀ.ਬੀ. ਵਾਲ | -07 | ਠੀਕ ਹੋ ਚੁੱਕੇ ਰੋਗੀ | -26 |
| ਨੇਤਰਹੀਣ | -41 | ਕੁੱਲ ਜੋੜ | ***1782** |

| **ਬ੍ਰਾਂਚਾਂ ਦਾ ਵੇਰਵਾ :** | **ਰੋਗੀ** |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 352 |
| 2. ਮਾਨਾਂਵਾਲਾ ਕੰਪਲੈਕਸ | 860 |
| 3. ਪੰਡੋਰੀ ਵੜੈਚ ਬ੍ਰਾਂਚ | 95 |
| 4. ਗੋਇੰਦਵਾਲ ਬ੍ਰਾਂਚ | 92 |
| 5. ਜਲੰਧਰ ਬ੍ਰਾਂਚ | 40 |
| 6. ਸੰਗਰੂਰ ਬ੍ਰਾਂਚ | 228 |
| 7. ਚੰਡੀਗੜ੍ਹ (ਪਲਸੋਰਾ) ਬ੍ਰਾਂਚ | 115 |
| **ਕੁੱਲ ਮਰੀਜ਼** | **1782** |

* ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਮਰੀਜ਼ ਕਾਫ਼ੀ ਗਿਣਤੀ ਵਿੱਚ ਘਰਾਂ ਨੂੰ ਭੇਜ ਦਿੱਤੇ ਜਾਂਦੇ ਹਨ ।



## ਇਲਾਜ ਅਤੇ ਸਹੂਲਤਾਂ :

**(ੳ) ਡਿਸਪੈਂਸਰੀ ਅਤੇ ਲੈਬਾਰਟਰੀ** : ਮਰੀਜ਼ਾਂ ਦੇ ਇਲਾਜ ਲਈ ਪਿੰਗਲਵਾੜਾ ਸੰਸਥਾ ਵਿੱਚ ਡਿਸਪੈਂਸਰੀ ਅਤੇ ਲੈਬਾਰਟਰੀ ਦੀ ਸੁਵਿਧਾ ਮੁਹੱਈਆ ਕੀਤੀ ਗਈ ਹੈ, ਜਿਸ ਦਾ ਸਾਲਾਨਾ ਖ਼ਰਚ 90 ਲੱਖ ਰੁਪਏ ਹੈ ।

**(ਅ) ਸਹਾਇਕ ਸਟਾਫ਼ :** ਮਾਨਸਿਕ ਰੋਗੀਆਂ ਅਤੇ ਮਰੀਜ਼ਾਂ ਦੀ ਦੇਖਭਾਲ ਲਈ ਟੈਕਨੀਕਲ ਸਟਾਫ਼ ਜਿਵੇਂ ਨਰਸਾਂ, ਫਾਰਮਾਸਿਸਟ, ਲੈਬਾਰਟਰੀ ਟੈਕਨੀਸ਼ਨ ਦੀ ਵਿਵਸਥਾ ਕੀਤੀ ਗਈ ਹੈ ।

**(ੲ) ਖ਼ੂਨ-ਦਾਨ ਕੈਂਪ** : ਦੁਰਘਟਨਾ-ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਘਾਟ ਨੂੰ ਪੂਰਾ ਕਰਨ ਲਈ ਹਰ ਸਾਲ ਭਗਤ ਜੀ ਦੀ ਬਰਸੀ 'ਤੇ ਖ਼ੂਨ-ਦਾਨ ਕੈਂਪ ਲਗਾਇਆ ਜਾਂਦਾ ਹੈ । ਸੰਨ 2017 ਵਿੱਚ ਭਗਤ ਜੀ ਦੀ ਬਰਸੀ 'ਤੇ ਲਗਾਏ ਗਏ ਖ਼ੂਨ-ਦਾਨ ਕੈਂਪ ਵਿੱਚ 275 ਯੂਨਿਟ ਖ਼ੂਨ ਇਕੱਠਾ ਹੋਇਆ ।

**(ਸ) ਐਂਬੂਲੈਂਸ**:- ਮੁੱਢਲੀਆਂ ਡਾਕਟਰੀ ਸੁਵਿਧਾਵਾਂ ਨਾਲ ਲੈਸ, ਐਂਬੂਲੈਂਸ ਸੜਕ ਹਾਦਸਿਆਂ ਦੇ ਜ਼ਖ਼ਮੀਆਂ ਦੀ ਮਦਦ ਲਈ ਤੱਤਪਰ ਰਹਿੰਦੀ ਹੈ। ਸੰਸਥਾ ਦੀਆਂ ਐਂਬੂਲੈਂਸਾਂ ਮਰੀਜ਼ਾਂ ਨੂੰ ਹਸਪਤਾਲ ਲੈ ਜਾਣ ਦੀ ਸੁਵਿਧਾ ਦਿੰਦੀਆਂ ਹਨ ।

**(ਹ) ਬਣਾਵਟੀ ਅੰਗ ਕੇਂਦਰ** : ਲੋੜਵੰਦ ਅੰਗਹੀਣਾਂ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਭਗਤ ਜੀ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ ਕੇਂਦਰ ਸਥਾਪਿਤ ਕੀਤਾ ਗਿਆ ਹੈ ਜਿੱਥੇ ਅੰਗਹੀਣਾਂ ਨੂੰ ਬਣਾਵਟੀ ਅੰਗ ਮੁਫ਼ਤ ਲਗਾਏ ਜਾਂਦੇ ਹਨ । ਨਵੰਬਰ 2003 ਤੋਂ ਹੁਣ ਤਕ 8137 ਲੋੜਵੰਦ ਲਾਭ ਉਠਾ ਚੁੱਕੇ ਹਨ ।

**(ਕ) ਓਪ੍ਰੇਸ਼ਨ ਥਿਏਟਰ**: ਹਰ ਤਰ੍ਹਾਂ ਦੇ ਓਪ੍ਰੇਸ਼ਨ ਕਰਨ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਅਤਿ ਆਧੁਨਿਕ ਓਪ੍ਰੇਸ਼ਨ ਥਿਏਟਰ ਦੀ ਸੁਵਿਧਾ ਹੈ ।

**(ਖ) ਫਿਜ਼ਿਓਥਰੈਪੀ:** ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਸੈਂਟਰ ਸਥਾਪਿਤ ਕੀਤਾ ਗਿਆ ਹੈ ਜਿਸ ਵਿੱਚ ਆਧੁਨਿਕ ਉਪਕਰਣਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਲੋੜਵੰਦ ਮੁਫ਼ਤ ਫ਼ਾਇਦਾ ਲੈ ਰਹੇ ਹਨ। ਹਰ ਰੋਜ਼ ਤਕਰੀਬਨ 80 ਮਰੀਜ਼ਾਂ ਦਾ ਇਲਾਜ ਕੀਤਾ ਜਾਂਦਾ ਹੈ ।

**(ਗ) ਅਲਟਰਾਸਾਊਂਡ ਸੈਂਟਰ** :- ਇਸ ਵਿੱਚ ਪਿੰਗਲਵਾੜੇ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਵਾਸਤੇ ਸੁਵਿਧਾ ਪ੍ਰਾਪਤ ਹੈ ।

**(ਘ) ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਨਰਵਾਸ ਕੇਂਦਰ**:- ਬੱਚਿਆਂ ਦੇ ਕੰਨਾਂ ਦੀ ਮੁੱਢਲੀ ਜਾਂਚ ਅਤੇ ਪੁਨਰਵਾਸ ਵਾਸਤੇ ਇਹ ਕੇਂਦਰ ਸਥਾਪਿਤ ਕੀਤਾ ਗਿਆ ਹੈ ਜਿਸ ਵਿੱਚ Bera Test ( ਬੱਚਿਆਂ ਦੇ ਸੁਣਨ ਦਾ ਟੈਸਟ) ਮੁਫ਼ਤ ਕੀਤਾ ਜਾਂਦਾ ਹੈ ।

## ਵਾਤਾਵਰਨ :

**(ੳ) ਰੁੱਖ ਲਾਉਣੇ**: ਭਗਤ ਪੂਰਨ ਸਿੰਘ ਜੀ ਵਾਤਾਵਰਨ ਦੀ ਸੰਭਾਲ ਸੰਬੰਧੀ ਬੜੇ ਚਿੰਤਤ ਰਹਿੰਦੇ ਸਨ । ਇਸ ਕਰਕੇ ਧਰਤੀ ਨੂੰ '**ਮਾਰੂਥਲ ਬਣਨ**' ਤੇ '**ਭੂ-ਖੋਰ**' ਤੋਂ ਬਚਾਉਣ ਲਈ ਪਿੰਗਲਵਾੜਾ ਸੰਸਥਾ ਵੱਲੋਂ ਵਾਤਾਵਰਨ ਦੇ ਸੁਧਾਰ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ। ਹਰ ਸਾਲ ਸੰਸਥਾ ਦੇ ਸੇਵਾਦਾਰਾਂ ਦੁਆਰਾ ਭਗਤ ਜੀ ਦੀ ਬਰਸੀ ਦੇ ਮੌਕੇ ਰੁੱਖ ਲਗਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ । ਇਹ ਰੁੱਖ ਸਕੂਲਾਂ, ਕਾਲਜਾਂ, ਸ਼ਮਸ਼ਾਨ-ਘਾਟਾਂ ਅਤੇ ਹੋਰ ਜਨਤਕ ਥਾਵਾਂ 'ਤੇ ਲਗਾਏ ਜਾਂਦੇ ਹਨ। ਇਸ ਤੋਂ ਇਲਾਵਾ ਪਿੰਗਲਵਾੜਾ ਸੰਸਥਾ ਵੱਲੋਂ ਹਰ ਸਾਲ ਆਪਣੀ ਨਰਸਰੀ ਵਿੱਚ ਵੱਖ-ਵੱਖ ਕਿਸਮਾਂ ਦੇ ਲਗਪਗ 60 ਹਜ਼ਾਰ ਬੂਟੇ ਤਿਆਰ ਕਰਕੇ



ਵੱਖ ਵੱਖ ਸੰਸਥਾਵਾਂ ਨੂੰ ਮੁਫ਼ਤ ਭੇਜੇ ਜਾਂਦੇ ਹਨ ।

**ਮੁਫ਼ਤ ਵਿੱਦਿਅਕ ਸਹੂਲਤਾਂ** :

**(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀ: ਸੈਕੰ: ਸਕੂਲ ਮਾਨਾਂਵਾਲਾ**: ਇਸ ਸਕੂਲ ਵਿੱਚ ਗ਼ਰੀਬ ਅਤੇ ਝੁੱਗੀ ਝੌਂਪੜੀ ਵਾਲੇ 728 ਵਿਦਿਆਰਥੀਆਂ ਨੂੰ ਮੁਫ਼ਤ ਵਿੱਦਿਆ ਦਿੱਤੀ ਜਾ ਰਹੀ ਹੈ । ਸੰਸਥਾ ਦਾ ਇਹ ਖ਼ਾਸ ਉਪਰਾਲਾ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਤੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਸਮਾਜ ਵਿੱਚ ਵਿਚਰ ਸਕਣ। ਇਹਨਾਂ ਨੂੰ ਕਿਤਾਬਾਂ ਤੇ ਵਰਦੀਆਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ 92 ਬੱਚੇ ਪਿੰਗਲਵਾੜਾ ਸੰਸਥਾ ਵਿੱਚ ਪਲੇ ਹਨ ।

**(ਅ) ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ ਬੁੱਟਰ ਕਲਾਂ (ਕਾਦੀਆਂ)**:

ਇਹ ਸਕੂਲ ਵੀ ਭਗਤ ਜੀ ਦੀ ਯਾਦ ਨੂੰ ਸਮਰਪਿਤ ਹੈ । ਇੱਥੇ ਯੋਗ ਅਤੇ ਸਿੱਖਿਅਤ ਅਧਿਆਪਕਾਂ ਦੀ ਅਗਵਾਈ ਵਿੱਚ ਲਗਪਗ 452 ਬੱਚੇ ਵਿੱਦਿਆ ਹਾਸਲ ਕਰ ਰਹੇ ਹਨ ।

**(ੲ) ਵਿਸ਼ੇਸ਼ ਸਿੱਖਿਆ** :- ਪਿੰਗਲਵਾੜੇ ਦੇ 217 ਮੰਦ-ਬੁੱਧੀ ਬੱਚਿਆਂ ਲਈ ਮਾਨਾਂਵਾਲਾ ਬ੍ਰਾਂਚ ਵਿਖੇ '**ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ**' ਦਾ ਪ੍ਰਬੰਧ ਉਹਨਾਂ ਦੀ ਬੁੱਧੀ ਵਿਕਸਤ ਕਰਨ ਲਈ ਕੀਤਾ ਗਿਆ ਹੈ।

**(ਸ) ਗੂੰਗੇ-ਬੋਲੇ ਬੱਚਿਆਂ ਦੀ ਸਿੱਖਿਆ** : ਭਗਤ ਪੂਰਨ ਸਿੰਘ ਗੂੰਗੇ-ਬੋਲੇ ਬੱਚਿਆਂ ਦਾ ਸਕੂਲ ਮਾਨਾਂਵਾਲਾ ਵਿਖੇ ਮਈ 2005 ਤੋਂ ਚੱਲ ਰਿਹਾ ਹੈ। ਇਸ ਵਿੱਚ 152 ਬੱਚੇ ਨਵੀਨ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

**(ਹ) ਕਿੱਤਾਕਾਰੀ ਸਿੱਖਿਆ** :- ਬੱਚਿਆਂ ਦੇ ਆਉਣ ਵਾਲੇ ਭਵਿੱਖ ਨੂੰ

ਸਾਹਮਣੇ ਰੱਖਦੇ ਹੋਏ ਪਿੰਗਲਵਾੜਾ ਸੰਸਥਾ ਵੱਲੋਂ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਕਿੱਤਾਕਾਰੀ ਸਿੱਖਿਆ,(ਜਿਵੇਂ ਸਿਲਾਈ, ਕਢਾਈ, ਮੋਮਬੱਤੀਆਂ ਬਣਾਉਣ ਅਤੇ ਹੋਰ ਸਿੱਖਲਾਈ ਦੇ ਕੰਮ) ਟਰੇਂਡ ਕਿੱਤਾਕਾਰੀ ਅਧਿਆਪਕਾਂ ਵੱਲੋਂ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਬੱਚਿਆਂ ਨੂੰ ਸੰਗੀਤ ਦੀ ਵਿੱਦਿਆ ਲਈ ਯੋਗ ਅਧਿਆਪਕਾਂ ਦੀ ਅਗਵਾਈ ਪ੍ਰਾਪਤ ਹੈ ।

**(ਕ) ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ** : ਮਾਨਾਂਵਾਲਾ ਕੰਪਲੈਕਸ ਵਿਖੇ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਸਿਲਾਈ ਕਢਾਈ ਦਾ 6 ਮਹੀਨੇ ਦਾ ਕੋਰਸ ਕਰਵਾਇਆ ਜਾਂਦਾ ਹੈ । ਇਹ ਸੁਵਿਧਾ ਸਿਰਫ਼ ਪਿੰਗਲਵਾੜੇ ਦੇ ਬੱਚਿਆਂ ਲਈ ਹੀ ਨਹੀਂ ਬਲਕਿ ਮਾਨਾਂਵਾਲਾ ਦੇ ਆਸ-ਪਾਸ ਲੱਗਦੇ ਇਲਾਕਿਆਂ ਦੇ ਗ਼ਰੀਬ ਵਰਗ ਦੇ ਬੱਚੇ/ ਬੱਚੀਆਂ ਲਈ ਵੀ ਉਪਲਬਧ ਹੈ।

**(ਖ) ਕੰਪਿਊਟਰ ਸਿੱਖਿਆ**: ਸੂਚਨਾ ਅਤੇ ਟੈਕਨਾਲੋਜੀ ਦੇ ਪਸਾਰੇ ਨੂੰ ਮੁੱਖ ਰੱਖਦਿਆਂ ਪਿੰਗਲਵਾੜੇ ਦੇ ਬੱਚਿਆਂ ਨੂੰ ਆਧੁਨਿਕ ਸਮਾਜ ਦੇ ਹਾਣੀ ਬਣਾਉਣ ਲਈ ਕੰਪਿਊਟਰ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ ਹੈ ।

**ਹੋਸਟਲ ਦਾ ਪ੍ਰਬੰਧ** : ਪਿੰਗਲਵਾੜਾ ਸੰਸਥਾ ਦੀ ਮਾਨਾਂਵਾਲਾ ਬ੍ਰਾਂਚ ਵਿੱਚ ਪੜ੍ਹਨ ਵਾਲੇ ਲਗਪਗ 176 ਲੜਕੇ-ਲੜਕੀਆਂ ਵਾਸਤੇ ਅਲੱਗ-ਅਲੱਗ ਹੋਸਟਲ ਦਾ ਪ੍ਰਬੰਧ ਕੀਤਾ ਗਿਆ ਹੈ । ਪਿੰਗਲਵਾੜਾ ਦੀ ਸੰਗਰੂਰ ਬ੍ਰਾਂਚ ਦੇ ਹੋਸਟਲ ਵਿੱਚ ਰਹਿ ਰਹੀਆਂ 7 ਲੜਕੀਆਂ ਵੀ ਵੱਖ-ਵੱਖ ਵਿੱਦਿਅਕ ਸੰਸਥਾਵਾਂ ਵਿੱਚ ਵਿੱਦਿਆ ਪ੍ਰਾਪਤ ਕਰ ਰਹੀਆਂ ਹਨ ।

**ਵਿਆਹ**: ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਪਿੰਗਲਵਾੜਾ ਵਿੱਚ ਪਲੀਆਂ ਨੌਜਵਾਨ ਲੜਕੀਆਂ ਲਈ ਢੁੱਕਵੇਂ ਯੋਗ ਵਰ ਲੱਭ ਕੇ ਉਹਨਾਂ ਨੂੰ ਗ੍ਰਿਸਥੀ ਜੀਵਨ ਵਿੱਚ ਪਾ ਦਿੱਤਾ ਜਾਂਦਾ ਹੈ । ਹੁਣ ਤਕ 40 ਲੜਕੀਆਂ



ਤੇ 4 ਲੜਕਿਆਂ ਦੇ ਵਿਆਹ ਸੰਸਥਾ ਵੱਲੋਂ ਕੀਤੇ ਜਾ ਚੁੱਕੇ ਹਨ।

**ਸਮਾਜ-ਕਲਿਆਣ ਸੰਬੰਧੀ ਕੰਮ** : ਪਿੰਗਲਵਾੜੇ ਵੱਲੋਂ ਸਮਾਜ ਭਲਾਈ ਅਤੇ ਸੁਧਾਰ ਦੇ ਕੰਮਾਂ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ ।

**(ੳ) ਜਾਗ੍ਰਿਤੀ**: ਸਮਾਜਿਕ ਬੁਰਾਈਆਂ ਪ੍ਰਤੀ ਲੋਕਾਂ ਦੇ ਮਨਾਂ ਵਿੱਚ ਜਾਗ੍ਰਿਤੀ ਪੈਦਾ ਕਰਨ ਲਈ ਪਿੰਗਲਵਾੜੇ ਦਾ ਖ਼ਾਸ ਯੋਗਦਾਨ ਰਿਹਾ ਹੈ । ਅਜਿਹਾ ਯੋਗਦਾਨ ਪਿੰਗਲਵਾੜਾ ਵਿੱਚ ਸਥਾਪਿਤ '**ਪੂਰਨ ਪ੍ਰਿੰਟਿੰਗ ਪ੍ਰੈਸ**' ਵੱਖ-ਵੱਖ ਧਾਰਮਿਕ, ਸਮਾਜਿਕ, ਸਦਾਚਾਰਿਕ ਤੇ ਸਿਹਤ ਸੰਬੰਧੀ ਮੁੱਦਿਆਂ 'ਤੇ ਸਾਹਿਤ ਛਾਪ ਕੇ ਉਸ ਦੀ ਮੁਫ਼ਤ ਵੰਡਾਈ ਰਾਹੀਂ ਕਰ ਰਹੀ ਹੈ । ਪਿੰਗਲਵਾੜਾ ਪ੍ਰੈਸ ਅਤੇ ਪਬਲੀਸਿਟੀ ਦਾ ਕੁੱਲ ਸਾਲਾਨਾ ਖ਼ਰਚ 1 ਕਰੋੜ 50 ਲੱਖ ਰੁਪਏ ਹੈ ।

**(ਅ) ਪੀੜਿਤ ਲੋਕਾਂ ਦੀ ਮਦਦ**:- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੁਚਾਲ ਆਦਿ ਤੋਂ ਪ੍ਰਭਾਵਿਤ ਪੀੜਿਤਾਂ ਨੂੰ ਪਿੰਗਲਵਾੜਾ ਸੰਸਥਾ ਵੱਲੋਂ ਹਰ ਪ੍ਰਕਾਰ ਦੀ ਮਦਦ ਦੇਣ ਦੀ ਭਰਪੂਰ ਕੋਸ਼ਿਸ਼ ਕੀਤੀ ਜਾਂਦੀ ਹੈ । ਸੰਨ 2008 ਵਿੱਚ ਜੁਲਾਈ ਤੋਂ ਅਗਸਤ ਮਹੀਨੇ ਦੌਰਾਨ ਪੰਜਾਬ ਦੇ ਜਲੰਧਰ ਤੇ ਕਪੂਰਥਲਾ ਜ਼ਿਲ੍ਹਿਆਂ ਵਿੱਚ ਆਏ ਹੜ੍ਹਾਂ ਨਾਲ ਪੀੜਿਤ 800 ਪਰਿਵਾਰਾਂ ਲਈ ਰਾਸ਼ਨ, ਘਰੇਲੂ ਸਾਮਾਨ ਅਤੇ ਕੰਬਲ ਮੁਫ਼ਤ ਵੰਡੇ ਗਏ। ਸੰਨ 2010 ਵਿੱਚ, ਲਦਾਖ ਵਿੱਚ ਹੜ੍ਹ ਨਾਲ ਪੀੜਿਤ ਲੋਕਾਂ ਦੀ ਮਦਦ ਲਈ ਸੰਸਥਾ ਵੱਲੋਂ ਡਾ: ਇੰਦਰਜੀਤ ਕੌਰ ਦੀ ਅਗਵਾਈ ਵਿੱਚ 2 ਟਰੱਕ ਰਸਦ, ਕੱਪੜੇ, ਰਜਾਈਆਂ ਅਤੇ ਕੰਬਲ, ਗਰਮ ਕੱਪੜੇ ਆਦਿ ਸਮਾਨ ਭੇਜੇ ਗਏ ਜਿਨ੍ਹਾਂ ਨੂੰ ਘਰ-ਘਰ ਜਾ ਕੇ ਵੰਡਿਆ ਗਿਆ ।

**(ੲ) ਲਾਵਾਰਸ ਲਾਸ਼ਾਂ ਦਾ ਸਸਕਾਰ**: ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਸਸਕਾਰ ਪੂਰੇ ਸਤਿਕਾਰ ਸਹਿਤ ਕੀਤਾ ਜਾਂਦਾ ਹੈ ।